# ਔਰਤਾਂ ਨੇ ਕਿਹਾ

**ਇਸੇ ਕਲਮ ਤੋਂ :**

- ਸਲੀਬ ਤੇ ਲਟਕੇ ਹਰਫ਼ (ਕਵਿਤਾ) 1996
- ਮੈਂ ਸ਼ਬਦਾਂ ਨੂੰ ਕਿਹਾ (ਕਵਿਤਾ) 2003
- ਬਰਸੈ ਮੇਘੁ ਸਖੀ (ਕਵਿਤਾ) 2006
- ਜੰਗਲ ਦੇ ਪਹਿਰੇਦਾਰ (ਅਨੁਵਾਦ) 2009

# ਔਰਤਾਂ ਨੇ ਕਿਹਾ

ਭੁਪਿੰਦਰ ਕੌਰ 'ਪ੍ਰੀਤ'

# Aurtan Ne Kiha

*by*

**Bhupinder Kaur 'Preet'**
Bawa Market, Gali Hakiman Wali
Muktsar-152026
Mob : 98141-77954
Email : preet18264@yahoo.com

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010, Author*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਬੀਜ਼ੀ ਹਰਬੰਸ ਕੌਰ

ਅਤੇ

ਭਾਪਾ ਜੀ ਕਰਤਾਰ ਸਿੰਘ 'ਸੁਮੇਰ' ਦੇ ਨਾਮ

*ਹਰ ਗਲੀ, ਮੁਹੱਲੇ, ਹਰ ਬਸਤੀ, ਨੁਕੜ*
*ਚੌਰਸਤੇ, ਦਫ਼ਤਰ*
*ਇੱਥੋ ਤੱਕ ਕਿ ਕਈ ਘਰਾਂ ਦੀ ਹਨੇਰੀ ਨੁਕਰੇ*
*ਇਹ ਅੱਖਾਂ ਸਦੀਆਂ ਤੋ ਖੜੀਆਂ*
*ਹਰ ਕੱਲੀ ਔਰਤ ਦੀ ਛਾਤੀਆਂ ਵੱਲ*
*ਬਿਨਾਂ ਅੱਖ ਝਪਕੇ ਬਿਨ ਤੱਕ ਰਹੀਆਂ*

*ਹਰ ਔਰਤ, ਔਰਤ ਬਣਨ ਤੋ ਪਹਿਲਾਂ ਹੀ*
*ਇਨ੍ਹਾਂ ਅੱਖਾਂ ਦੀ ਭਾਸ਼ਾ ਜਾਣਦੀ*
*ਹਰ ਬੱਚੀ ਦੋਗਲੇ ਸ਼ਬਦਾਂ ਦੇ ਅਰਥ*
*ਚੰਗੀ ਤਰ੍ਹਾਂ ਪਛਾਣਦੀ*

# ਤਰਤੀਬ


| | | |
|---|---|---|
| ਅਨੁਵਾਦ ਦੀਆਂ ਸੀਮਾਵਾਂ | | 11 |
| **ਹਿੰਦੀ ਨਾਰੀ-ਕਾਵਿ ਦੇ ਨੀਂਹ ਪੱਥਰ** | | |
| ਅਨਾਮਿਕਾ | ਔਰਤਾਂ<br>ਰਸੋਈ<br>ਬੂਹਾ<br>ਅਨੁਵਾਦ<br>ਰੂਈ ਦੇ ਫੰਬੇ<br>ਦੁੱਚਿਤੀ<br>ਬਿਨ ਥਾਂਓ<br>ਔਰਤ ਦਾ ਪਹਿਲਾ ਰਾਜਕੀ ਪਰਵਾਸ | 13–26 |
| ਨੀਲੇਸ਼ ਰਘੂਵੰਸ਼ੀ | ਠੰਡੀ ਨੀਂਦਰ<br>ਇਸ ਵਕਤ<br>ਸੁਰੱਖਿਆ ਕਵਚ | 27–32 |
| ਰਾਜੀ ਸੇਠ | ਮੈਂ ਔਰਤ ਹਾਂ (1)<br>ਮੈਂ ਔਰਤ ਹਾਂ (2)<br>ਉਹ ਜ਼ਰੂਰ ਡਾਕੂ ਸਨ | 33–35 |
| ਗੀਤਾ ਡੋਗਰਾ | ਸੁਪਨਿਆਂ ਦਾ ਗੀਤ<br>ਰੂਹ ਦੀ ਬਾਤ<br>ਕੁੜੀਆਂ | 36–39 |
| ਵਿਭਾ ਰਾਣੀ | ਨੀਂਦ ਵਿੱਚ | 40 |
| ਜਯੋਤਸਨਾ ਮਿਲਨ | ਔਰਤ | 41 |

| | | |
|---|---|---|
| ਪਦਮਾ ਸਚਦੇਵ | ਅੱਖਰ<br>ਦਿਨ<br>ਕਲਮ | 42-44 |
| ਸ਼ਮਾ ਕੌਲ | ਤੁਲਮੁਲ | 45 |
| ਨਿਰਮਲਾ ਗਰਗ | ਚਸ਼ਮੇ ਦਾ ਕੱਚ<br>ਡਾਇਨਾ<br>ਮਿਸੇਜ਼ ਗੁਪਤਾ<br>ਪੁੱਤਰ ਮੋਹ | 46-51 |
| ਸ਼ੁਭਾ | ਮੈਂ ਹਾਂ ਇੱਕ ਔਰਤ<br>ਮਾਣ ਕਰਦੇ ਹਾਂ ਅਸੀਂ | 52-53 |
| ਸਨੇਹਮਈ ਚੌਧਰੀ | ਹੱਦਾਂ | 55 |
| ਅਰਚਨਾ ਵਰਮਾ | ਕੀਮਤ | 56 |
| ਭੁਪਿੰਦਰ ਕੌਰ ਪ੍ਰੀਤ | ਸ਼ਾਇਰ ਔਰਤ<br>ਮੇਰੇ ਮੁਲਕ ਦੇ ਲੋਕ<br>ਮਰਦ ਤੇ ਔਰਤਾਂ<br>ਮੇਰੀ ਸਹੇਲੀ | 58-61 |
| ਕਮਲ ਕੁਮਾਰ | ਉਜਾੜਾ | 62 |
| ਜਯਾ ਜਾਏਦਵਾਨੀ | ਇਹ ਸਮਾਂ ਸਭ ਤੋਂ ਔਖਾ ਸਮਾਂ ਨਹੀਂ | 64 |
| ਇੰਦੂ ਜੈਨ | ਉਦਾਸ ਕੁੜੀ | 65 |
| ਕੁਸੁਮ ਕੁਮਾਰ | ਔਰਤ | 67 |

| | | |
|---|---|---|
| ਸੁਨੀਤਾ ਜੈਨ | ਪੀੜ੍ਹੀਆਂ<br>ਉਹ ਆਉਂਦੀਆਂ ਸਨ | 69 |
| ਕਾਤਿਯਾਯਨੀ | ਸੱਤ ਭਰਾਵਾਂ ਦੇ ਵਿੱਚ ਚੰਪਾ | 72 |
| ਸਵਿਤਾ ਸਿੰਘ | ਬਿਮਲਾ ਦਾ ਸਫ਼ਰ<br>ਸੱਚ ਦੀ ਸੀਮਾ | 74 |
| ਰਸ਼ਿਮ ਬੜਵਾਲ | ਸ਼੍ਰਿਸ਼ਟੀ ਨੂੰ ਪੁਕਾਰਦੀ ਮਾਂ | 78 |
| ਸ਼ਾਂਤੀ ਯਾਦਵ | ਬਾਪ ਦੀ ਪੱਗ | 80 |
| ਨਿਰਮਲਾ ਪੁਤਲ | ਬੱਚੀ ਮੁਰਮੂ ਲਈ ਕਵਿਤਾ ਕੁਝ<br>ਨਾ ਕਹਿ ਸਜੋਨੀ ਕਿਸਕੂ !<br>ਕੀ ਤੁਸੀਂ ਜਾਣਦੇ ਹੋ ? | 82-86 |
| ਸੁਸ਼ਮਾ ਸਿਨਹਾ | ਚੰਗੇ ਦਿਨਾਂ ਨੂੰ ਯਾਦ ਕਰਦਿਆਂ<br>ਘਰ ਮੁੜ ਆਉਣ ਦਾ ਸੁੱਖ<br>ਅੰਤ | 87-92 |

# ਅਨੁਵਾਦ ਦੀਆਂ ਸੀਮਾਵਾਂ

ਮਹਾਦੇਵੀ ਵਰਮਾ ਅਤੇ ਸੁਭੁਦਰਾਕੁਮਾਰੀ ਚੌਹਾਨ ਦੀਆਂ ਕਵਿਤਾਵਾਂ ਨਾਲ ਤੁਰਦਿਆਂ ਮੇਰੇ ਜ਼ਿਹਨ ਵਿੱਚ ਇੱਕ ਕੋਮਲਭਾਵੀ ਕਰੁਣਾਮਈ ਇਸਤਰੀ ਦੀ ਤਸਵੀਰ ਬਣਦੀ, ਜੋ ਆਪਣੀ ਬਾਤ ਫੁੱਲ-ਪੱਤੀਆਂ, ਅੰਬਰ, ਤ੍ਰੇਲ-ਤੁਪਕਿਆਂ ਦੇ ਜ਼ਰੀਏ ਕਹਿੰਦੀ, ਪਰ ਦੱਬੇ, ਘੁੱਟੇ, ਲੁਕਵੇਂ ਸ਼ਬਦਾਂ ਵਿੱਚ। ਖੁੱਲ੍ਹੇ ਅੰਬਰ ਦੇ ਆਜ਼ਾਦ ਪੰਛੀ ਵਾਂਗ ਉੱਡਣ ਦੀ ਚਾਹ—ਪਰ ਰਾਹ ਕਿਤੇ ਵੀ ਨਹੀਂ—ਗੱਲ ਕੀ, ਜਿਵੇਂ ਗਲ਼ ਚ ਆਈ ਚੀਕ ਹੰਝੂਆਂ ਵਿੱਚ ਬਦਲ ਗਈ ਹੋਵੇ।

ਬੇਸ਼ਕ ਇਹ ਨਾਓ ਹਿੰਦੀ ਨਾਰੀ ਕਾਵਿ ਦੇ ਨੀਂਹ ਪੱਥਰ ਹਨ - ਇਨ੍ਹਾਂ ਮਹਿਲਾ ਕਵੀਆਂ ਨੇ ਹੀ ਸਮਕਾਲੀਨ ਹਿੰਦੀ ਨਾਰੀ-ਕਾਵਿ ਨੂੰ ਸਰਜ਼ਮੀਨ ਦਿੱਤੀ, ਪਰ ਨਿਰਸੰਦੇਹ ਅੱਜ ਦਾ ਹਿੰਦੀ ਨਾਰੀ-ਕਾਵਿ ਉਸ ਕਾਵਿ ਤੋ ਬਹੁਤ ਅਗਾਂਹ ਦੀ ਯਾਤਰਾ ਤੈਅ ਕਰ ਚੁੱਕਿਆ ਹੈ । ਸਮਕਾਲੀਨ ਹਿੰਦੀ ਨਾਰੀ-ਕਾਵਿ ਦੀ ਸੁਰ ਨੱਪੀ ਹੋਈ ਤਾਂ ਉੱਕਾ ਹੀ ਨਹੀਂ ਬਲਕਿ ਇਸ ਵਿੱਚ ਵਿਦਰੋਹ ਦੇ ਤੇਵਰ ਹਨ - ਆਪਣੇ ਅਧਿਕਾਰਾਂ ਪ੍ਰਤੀ ਸੁਚੇਤ! ਉਹ ਆਪਣੀ 'ਸਪੇਸ' ਦਾ ਅਨੁਵਾਦ ਵਿਸਤਾਰ ਨਹੀਂ 'ਪੁਲਾੜ' ਕਰਨਾ ਚਾਹੁੰਦੀਆਂ ਹਨ, ਉਹ ਨਹੀ ਚਾਹੁੰਦੀਆਂ ਕਿ ਕੋਈ ਉਨ੍ਹਾਂ ਦੀ ਸਪੇਸ ਦਾ ਅਨੁਵਾਦ ਜਾਂ ਸਪ੍ਰਸੰਗ ਵਿਆਖਿਆ ਕਰੇ, ਇਨ੍ਹਾਂ ਮਹਿਲਾ ਕਵੀਆਂ ਨੇ ਆਪਣੀ ਲੇਖਣੀ ਵਿੱਚ ਜੋਖ਼ਿਮ ਚੁੱਕਿਆ ਹੈ।

ਅੱਜ ਦੇ ਹਿੰਦੀ ਨਾਰੀ-ਕਾਵਿ ਦੇ ਵਿਸ਼ੇ ਚੁੱਲੇ-ਚੌਕੇ ਤੋਂ ਲੈ ਕੇ ਦਫ਼ਤਰ, ਪੀੜ੍ਹੀ ਦਰ ਪੀੜ੍ਹੀ ਆਈ ਤਬਦੀਲੀ, ਮਾਂ, ਧੀ, ਦਾਦੀ, ਪੁੱਤਰ-ਮੋਹ, ਅਣਚਾਹਾ ਗਰਭ, ਗਰਭ ਦਾ ਉਤਸਵ, ਮਾਸਿਕ ਧਰਮ, ਮੰਡੀਕਰਣ, ਰਾਜਨੀਤੀ, ਸਾਹਿਤਕ ਰਾਜਨੀਤੀ, ਘਰ ਦੇ ਅੰਦਰ ਬੈਠੀ ਅਮੀਰ ਔਰਤ ਦੀ ਮਨੋਸਥਿਤੀ, ਬੇਬਸੀ, ਝੁੱਗੀ-ਝੌਂਪੜੀ ਦੀ ਔਰਤ, ਉਸਦੀ ਬੱਚੀ, ਬੱਚੀ ਦਾ ਕੁਆਰਾਪਣ, ਸੁਪਨੇ, ਦੇਹ, ਅੱਜ ਦੇ ਹਿੰਦੀ ਨਾਰੀ-ਕਾਵਿ ਨੇ ਔਰਤ ਦੇ ਤਥਾਕਥਿਤ ਦੈਵੀ ਰੂਪ ਨੂੰ ਖੰਡਿਤ ਕੀਤਾ ਹੈ, ਇਮਾਨਦਾਰੀ ਨਾਲ ਦੇਹ ਸਮੇਤ ਆਪਣੇ ਆਪ ਨੂੰ ਵਿਅਕਤ ਕੀਤਾ ਹੈ ਜਿਸ ਵਿੱਚ ਨਾਰੀ ਜੀਵਨ ਦਾ ਅਸਲ ਪ੍ਰਤੀਬਿੰਬ ਹੈ। ਗੱਲ ਕੀ ਅੱਜ ਦੇ ਨਾਰੀ-ਕਾਵਿ ਨੇ ਇਸ ਧਾਰਨਾ ਨੂੰ ਗਲਤ ਸਾਬਿਤ ਕਰ ਦਿੱਤਾ ਹੈ ਕਿ ਔਰਤ ਦਾ ਸੱਚ ਪੁਰਸ਼ਾਂ ਨੇ ਹੀ ਬਿਆਨਿਆ ਹੈ ਔਰਤਾਂ ਇਸ ਨੂੰ ਕਹਿਣ ਲਈ ਸਮਰੱਥ ਨਹੀਂ।

ਔਰਤਾਂ ਨੇ ਕਿਹਾ ਪੁਸਤਕ ਵਿੱਚ ਮਹਿਲਾ ਕਵੀਆਂ ਦੇ ਕਾਵਿ ਤੇ ਆਪਣੇ-ਆਪਣੇ ਖਿੱਤੇ ਦੀ ਪੁੱਠ ਚੜ੍ਹੀ ਹੈ, ਜਿਨ੍ਹਾਂ ਪ੍ਰਤੀਕਾਂ ਦੀ ਕਵਿਤਾਵਾਂ ਵਿੱਚ ਵਰਤੋਂ ਹੋਈ ਹੈ, ਉਨ੍ਹਾਂ ਨੇ ਅਨੁਵਾਦ ਕਰਦਿਆਂ ਮੈਨੂੰ ਵਾਰ-ਵਾਰ ਹੈਰਾਨ ਕੀਤਾ ਹੈ ।

ਇਸ ਪੁਸਤਕ ਵਿੱਚ ਹਿੰਦੀ ਨਾਰੀ-ਕਾਵਿ ਦੇ ਸਿਖ਼ਰ ਤੇ ਬੈਠੇ ਉਹ ਹਸਤਾਖ਼ਰ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਦੇ ਕਾਵਿ ਨੂੰ ਮੈਂ ਆਪਣੀ ਰੂਹ ਤੱਕ ਜਿਉਆ ਹੈ । ਅਨੁਵਾਦ ਦੀਆਂ ਸੀਮਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਸਮਰੱਥਾ ਅਨੁਸਾਰ ਕੋਸ਼ਿਸ਼ ਕੀਤੀ ਹੈ ਕਿ ਕਾਵਿ ਦੀ 'ਆਤਮਾ' ਨਾ ਮਰੇ, ਉਮੀਦ ਕਰਦੀ ਹਾਂ ਕਿ ਮੇਰਾ ਇਹ ਯਤਨ ਪਾਠਕਾਂ ਤੱਕ ਜ਼ਰੂਰ ਪੁੱਜੇਗਾ ।

ਭੁਪਿੰਦਰ ਕੌਰ 'ਪ੍ਰੀਤ'

## ਔਰਤਾਂ

**ਮੂਲ ਲੇਖਿਕਾ: ਅਨਾਮਿਕਾ**

ਪੜ੍ਹਿਆ ਗਿਆ ਸਾਨੂੰ
ਪੜ੍ਹਿਆ ਜਾਂਦਾ ਕਾਗਜ਼ ਜਿਵੇਂ
ਕੋਈ ਬੱਚਿਆਂ ਦੀ ਪਾਟੀ ਹੋਈ ਕਾਪੀ ਦਾ
ਭੁਜੇ ਹੋਏ ਛੋਲਿਆਂ ਦੇ ਲਿਫਾਫ਼ੇ ਬਣਾਉਣ ਤੋਂ ਪਹਿਲਾਂ

ਵੇਖਿਆ ਗਿਆ ਸਾਨੂੰ
ਜਿਵੇਂ ਉਨੀਂਦਰੇ
ਵੇਖੀ ਜਾਂਦੀ ਗੁੱਟ ਤੇ ਬੰਨ੍ਹੀ ਘੜੀ
ਸਵੇਰ ਦਾ ਅਲਾਰਮ ਵੱਜਣ ਤੋਂ ਮਗਰੋਂ

ਸੁਣਿਆ ਗਿਆ ਸਾਨੂੰ
ਉਝੰ ਹੀ ਓਪਰੇ ਜਿਹੇ ਮਨ ਨਾਲ
ਜਿਵੇਂ ਸੁਣੇ ਜਾਂਦੇ ਫ਼ਿਲਮੀ ਗਾਣੇ
ਸਸਤੀਆਂ ਕੈਸਟਾਂ ਤੇ
ਖਚਾਖਚ ਭਰੀ ਬੱਸ ਵਿੱਚ

ਭੋਗਿਆ ਗਿਆ ਸਾਨੂੰ
ਬਹੁਤ ਦੂਰ ਦੇ ਸ਼ਰੀਕੇ ਵਿੱਚ ਲੱਗਦੇ
ਕਿਸੇ ਰਿਸ਼ਤੇਦਾਰ ਦੇ ਦੁੱਖ ਵਾਂਗ
ਇੱਕ ਦਿਨ ਅਸੀਂ ਕਿਹਾ
ਅਸੀਂ ਵੀ ਮਨੁੱਖ ਹਾਂ
ਸਾਨੂੰ ਵੀ ਸਲੀਕੇ ਨਾਲ ਪੜ੍ਹੋ
ਇੱਕ-ਇੱਕ ਅੱਖਰ, ਜਿਵੇਂ ਪੜ੍ਹਿਆ ਜਾਂਦਾ
ਬੀ. ਏ. ਤੋ ਮਗਰੋਂ
ਨੌਕਰੀ ਦਾ ਇਸ਼ਤਿਹਾਰ
ਸਾਨੂੰ ਵੀ ਇੰਝ ਤੱਕੋ

ਜਿਵੇਂ ਪੋਹ-ਮਾਘ ਦੀ ਠੰਢ ਵਿੱਚ
ਤੱਕੀ ਜਾਂਦੀ ਦੂਰ ਬਲਦੀ ਅੱਗ
ਜੇ ਸੁਣੋ ਤਾਂ ਸੁਣੋ ਸਾਨੂੰ ਅਨਹਦ ਵਾਂਗ
ਜੇ ਸਮਝੋ ਤਾਂ ਸਮਝੋ ਸਾਨੂੰ
ਜਿਵੇਂ ਨਵੀਂ ਨਵੀਂ ਸਿੱਖੀ ਭਾਸ਼ਾ

ਉਨ੍ਹਾਂ ਸਾਨੂੰ ਇੰਞ ਬੋਲਦੇ ਸੁਣਿਆ
ਤਾਂ ਅੱਧ ਵਿਚਕਾਰ ਹੀ
ਇੱਕ ਟਾਹਣੀ ਤੋਂ ਟਿੱਡੇ ਉੱਡੇ ਰੰਗੀਨ ਅਫ਼ਵਾਹਾਂ
ਚਰਿੱਤਰਹੀਣ ਔਰਤਾਂ
ਸਰਪ੍ਰਸਤਾਂ ਦੇ ਦਮ ਤੇ
ਫਲੀਆਂ ਅੱਖੜ ਜੰਗਲੀ ਵੇਲਾਂ!
ਖਾਂਦੀਆਂ-ਪੀਦੀਆਂ ਸੁੱਖ ਤੋ ਅੱਕੀਆਂ
ਬੇਕਾਰ ਬੇਚੈਨ
ਆਵਾਰਾਂ ਔਰਤਾਂ ਦਾ ਹੀ ਸ਼ੁਗਲ ਹੈ
ਇਹ ਕਹਾਣੀਆਂ ਤੇ ਕਵਿਤਾਵਾਂ
ਇਨ੍ਹਾਂ ਨੇ ਥੋੜ੍ਹਾਂ ਨਾ ਲਿਖੀਆਂ
(ਫਿਰ ਟੀਰ ਤੇ ਸੈਨਤਾਂ)
ਬਾਕੀ ਕਹਾਣੀ ਤਾ ਟੀਰ ਹੀ ਹੈ
ਹੇ ਪਰਮ-ਪਿਤਾਮਹਾ
ਹੇ ਪਰਮ-ਪੁਰਸ਼ੋ
ਸਾਨੂੰ ਬਖ਼ਸ਼ੋ, ਹੁਣ ਤਾਂ ਬਖ਼ਸ਼ੋ ॥

****

## ਰਸੋਈ

ਮੈਂ ਰੋਟੀ ਵੇਲਦੀ
ਜਿਵੇਂ ਧਰਤ
ਜਵਾਲਾਮੁਖੀ ਵੇਲਦੇ – ਜਿਵੇਂ ਪਹਾੜ
ਭੂਚਾਲ ਜਿਵੇਂ ਵੇਲਦੇ – ਘਰਾਂ ਨੂੰ
ਖਾਮੋਸ਼ੀ ਜਿਵੇਂ ਵੇਲਦੀ – ਸ਼ਬਦ ਜਵਾਰਭਾਟਾ

ਰੋਜ਼ ਸਵੇਰੇ ਸੂਰਜ ਵਿੱਚ
ਨਵਾਂ ਪਲੇਥਣ ਲਾ
ਮੈਂ ਰੋਟੀ ਵੇਲਦੀ – ਜਿਵੇਂ ਧਰਤ
ਧਰਤ ਜੋ ਖੁਦ ਇੱਕ ਲੋਅ
ਸੂਰਜ ਦੇ ਹੱਥਾਂ ਵਿੱਚ ਰੱਖ ਦਿੱਤੀ ਗਈ
ਪੂਰੀ ਦੀ ਪੂਰੀ
ਕਿ ਲਵੋ ਇਸਨੂੰ ਵੇਲੋ ਪਕਾਵੋ
ਜਿਵੇਂ ਮਧੂਮੱਖੀਆਂ
ਆਪਣੇ ਖੰਭਾਂ ਹੇਠ ਪਕਾਉਂਦੀਆਂ ਸ਼ਹਿਦ
ਸਾਰਾ ਸ਼ਹਿਰ ਚੁੱਪ ਹੈ
ਧੋ ਚੁੱਕੇ ਸਾਰੇ ਰਸੋਈ ਦੇ ਬਰਤਨ
ਬੁਝ ਗਈ ਅਖੀਰੀ ਚੁੱਲ੍ਹੇ ਵਿੱਚ ਵੀ ਅੱਗ
ਪਰ !
ਮੈਂ ਆਪਣੇ ਵਜੂਦ ਦੀ ਅੱਗ ਮੂਹਰੇ
ਹੈਰਾਨ ਖੜ੍ਹੀ ਹਾਂ – ਘਬਰਾਈ
ਖੁਦ ਨੂੰ ਭਿਉਂਦੀ
ਗੁੰਨਦੀ ਖੁਦ ਨੂੰ ਵਾਰ-ਵਾਰ
ਖੁਸ਼ ਹਾਂ ਕਿ ਵੇਲਦੀ ਹਾਂ ਰੋਟੀ
ਜਿਵੇਂ ਧਰਤ ॥

****

## ਬੂਹਾ

ਮੈਂ ਇੱਕ ਬੂਹਾ ਸਾਂ
ਮੈਨੂੰ ਜਿੰਨਾ ਭੰਨਿਆ ਗਿਆ
ਮੈਂ ਉਨ੍ਹਾਂ ਹੀ ਖੁੱਲਦੀ ਗਈ
ਅੰਦਰ ਆਏ ਆਉਣ ਵਾਲੇ
ਚੱਲ ਰਿਹਾ ਸੀ ਅੰਦਰ ਮੇਰੇ ਇੱਕ ਬ੍ਰਹਮ ਚੱਕਰ
ਚੱਕੀ ਰੁਕਦੀ ਤਾਂ ਚਰਖਾ ਚੱਲਦਾ
ਚਰਖਾ ਰੁਕਦਾ ਤਾਂ ਚੱਲਦੀ ਕੈਚੀਂ-ਸੂਈ
ਗਲ ਕੀ
ਚਲਦਾ ਹੀ ਰਹਿੰਦਾ
ਬਿਨਾਂ ਰੁਕਿਆ ਕੁਝ ਨਾ ਕੁਝ

ਅੰਤ ਸਾਰੇ ਤੇ ਫਿਰ ਜਾਂਦੀ ਬੌਕ੍ਰ
ਤਾਰਿਆਂ ਨੂੰ ਬੁਹਾਰਦੀ ਹੋਈ
ਪਹਾੜ, ਦਰਖੱਤ, ਪੱਥਰ
ਸ਼੍ਰਿਸ਼ਟੀ ਦੇ ਬਿਖਰੇ ਟੋਟੇ ਕੱਠਿਆਂ ਕਰ
ਇੱਕ ਟੋਕਰੀ ਵਿੱਚ ਜਮ੍ਹਾਂ ਕਰਦੀ
ਜਮਾਂ ਕਰਦੀ ਮਨ ਦੀ ਪੜਛੱਤੀ ਤੇ ।

****

# ਅਨੁਵਾਦ

ਲੋਕ ਦੂਰ ਜਾ ਰਹੇ
(ਹਰ ਕੋਈ ਕਿਸੇ ਤੋਂ ਦੂਰ)
ਲੋਕ ਦੂਰ ਜਾ ਰਹੇ
ਤੇ ਵੱਧ ਰਿਹਾ
ਮੇਰੇ ਆਸ ਪਾਸ ਦਾ 'ਸਪੇਸ'

ਇਸ 'ਸਪੇਸ' ਦਾ ਅਨੁਵਾਦ
ਵਿਸਤਾਰ ਨਹੀਂ ਪੁਲਾੜ ਕਰਾਂਗੀ ਮੈਂ
ਕਿਉਂਕਿ ਇਸ ਵਿੱਚ
ਉਡਨ ਤਸ਼ਤਰੀ ਛੱਡ ਰੱਖੀ ਹੈ ਮੈਂ

ਸਮੇਂ ਦਾ ਧੰਨਵਾਦ
ਕਿ ਬੰਦ ਹੈ ਘੜੀ ਮੇਰੀ
ਧੰਨਵਾਦ ਖਿੜਕੀ ਦਾ
ਜਿਸਦੇ ਓਹਲੇ
ਗੱਭਣ ਹੈ ਚਿੜੀ !
ਜੋ ਵੀ ਜਿੱਥੇ - ਸਭ ਦਾ ਧੰਨਵਾਦ
ਕਿ ਇਸ ਸਮੇਂ ਮੇਰੇ ਵਿੱਚ ਸਭ ਹਨ
ਸਭਨਾਂ ਵਿੱਚ ਹਾਂ ਮੈਂ ਥੋੜ੍ਹੀ-ਥੋੜ੍ਹੀ !

ਭਰੜ ਭਰੜ ਵਜਾਂਦਾ ਹੈ ਹਰਮੋਨਿਅਮ
ਮੇਰਾ ਖਾਲੀ ਘਰ !
ਇਸ 'ਖਾਲੀ' ਸਮੇਂ ਵਿੱਚ
ਬਹੁਤ ਕੰਮ ਹੈ ।

ਹਾਲੇ ਮੈਂ ਘਰ ਦੀਆਂ ਉਤਰਨਾਂ ਦਾ
ਅਨੁਵਾਦ ਕਰਨਾ ਹੋਵੇਗਾ
ਪਾਣੀ ਦੀ ਭਾਸ਼ਾ ਵਿੱਚ
ਫਿਰ ਜੂਠੀਆਂ ਪਲੇਟਾਂ ਦਾ
ਕਿਸੇ ਸਫੇਦ ਫੁੱਲ ਦੀ ਪੰਖੁੜੀਆਂ ਵਿੱਚ
ਅਨੁਵਾਦ ਕਰਾਂਗੀ ਮੈਂ
ਫਿਰ ਥੋੜ੍ਹੀ ਦੇਰ ਸੋਚਾਂਗੀ
ਝੱਗ ਨਾਲ ਭਰੇ ਸਿੰਕ ਦਾ
ਕਰ ਸਕਾਂਗੀ ਕਿਸੇ ਤਰ੍ਹਾਂ ਅਨੁਵਾਦ – ਕਿਸੇ ਰਾਗ ਵਿੱਚ

ਦਰਅਸਲ ਇਸ ਪੂਰੇ ਘਰ ਦਾ
ਕਿਸੇ ਦੂਜੀ  ਭਾਸ਼ਾ ਵਿੱਚ
ਅਨੁਵਾਦ ਕਰਨਾ ਚਾਹੁੰਦੀ ਹਾਂ ਮੈਂ
ਪਰ ਉਹ ਭਾਸ਼ਾ ਕਿੱਥੇ ਮਿਲੇਗੀ
ਸਿਵਾਏ ਉਸ ਭਾਸ਼ਾ ਦੇ
ਜੋ ਮੇਰੇ ਬੱਚੇ ਬੋਲਦੇ ਹਨ ?

ਇੰਨੇ ਵਿੱਚ ਹੀ ਪੈ ਜਾਣੀ ਹੈ ਤ੍ਰਿਕਾਲਾਂ
ਤੇ ਇਸ ਤ੍ਰਿਕਾਲਾਂ ਵੇਲੇ ਦਾ ਅਨੁਵਾਦ
ਇਨ੍ਹਾਂ ਹੀ ਕਰਾਂਗੀ ਕਿ ਉਠਾਂਗੀ
ਖੋਲ੍ਹ ਦੇਵਾਂਗੀ ਪਰਦੇ –
ਜਾਂਦੀਆਂ ਹੋਈਆਂ ਅਖੀਰੀ ਕਿਰਚਾਂ
ਛਿਣ ਵਿੱਚ ਭਰ ਦੇਵੇਗੀ ਸਾਰੇ ਦਾ ਸਾਰਾ ਸਪੇਸ
ਤੇ ਫਿਰ ਉਸਦਾ ਅਨੁਵਾਦ
ਪੁਲਾੜ ਨਹੀਂ
ਵਿਸਤਾਰ ਕਰਾਂਗੀ ਮੈਂ
ਕੇਵਲ ਵਿਸਤਾਰ।

****

## ਰੂਈ ਦੇ ਫੰਬੇ

ਵੈਸੇ ਤਾਂ
ਪੁਸ਼ਤਾਂ ਤੀਕ ਚੱਲਦੀਆਂ ਹਨ
ਕੁਝ ਘਰੇਲੂ ਕਹਾਵਤਾਂ
ਚੱਲਦੀਆਂ ਹੀ ਰਹਿੰਦੀਆਂ ਹਨ ਘਸ ਜਾਣ ਤੀਕ
ਪਿੱਤਲ ਦੇ ਪਤੀਲੇ ਜਾਂ ਪਿੱਤਲ ਦੀ ਪਰਾਤ ਵਾਂਗ
ਫਿਰ ਉਨ੍ਹਾਂ ਕਹਾਵਤਾਂ ਨੂੰ ਸਿੱਟ ਆਉਂਦਾਂ ਪੜਛੱਤੀ ਤੇ

ਕੁਝ ਲੋਕ ਹੁੰਦੇ ਪੈਦਾਇਸ਼ੀ ਅਫ਼ਸਰ
ਜ਼ਿਆਦਾ ਨਹੀਂ ਬੋਲਦੇ
ਮੂੰਹ ਨਹੀਂ ਲਗਾਉਂਦੇਂ ਕਿਸੇ ਨੂੰ ਬਹੁਤਾ
ਆਪਣੇ-ਆਪ ਨੂੰ ਮਿਲਦੇ ਤਾਂ
ਮਿਲਦੇ ਡਾਇਨਿੰਗ ਟੇਬਲ ਤੇ

ਭੱਜੀ ਆਉਂਦੀ ਮਾਂ, ਗਰਮ-ਗਰਮ ਫੁਲਕਾ ਲੈ ਕੇ
ਜੇ ਭੁੱਲ ਕੇ ਵੀ ਤੱਕ ਲੈਂਦੇਂ ਮਾਂ ਵੱਲ
ਤਾਂ, ਜਿਵੇਂ ਕੋਈ ਨਦੀ -
ਪਹਾੜਾਂ ਦੀ ਕੈਦ ਤੋਂ ਛੁੱਟੀ ਹੋਵੇ
ਅਚਾਨਕ ਮਿਲੀ ਖੁਸ਼ੀ ਵਾਂਗ,
ਮਾਂ ਗਾਉਣ ਲੱਗ ਪੈਂਦੀ
"ਜੋਸ਼ਦਾ ਹਰੀ ਨੂੰ ਪਾਲਣਾ ਝੁਲਾਉਂਦੀ
ਲਾਡ-ਲਡਾਉਂਦੀ - ਜਸ਼ੋਦਾ ਗਾਉਂਦੀ"
ਨਦੀ ਵਾਂਗ ਵੱਗਣ ਲੱਗ ਪੈਂਦੀ ਮਾਂ
ਆਪ ਮੁਹਾਰੇ ਸੁਨਾਉਣ ਲੱਗ ਪੈਂਦੀ
ਉਨ੍ਹਾਂ ਦੇ ਬਚਪਨ ਦੇ ਕਿੱਸੇ

ਕਦੇ-ਕਦੇ ਸਿਰ ਹਿਲਾਉਂਦੇ
ਕਦੇ ਮਾਂ ਦੀਆਂ ਬਾਤਾਂ ਸੁਣ ਉੱਠ ਹੀ ਜਾਂਦੇ
ਤਾਂ ਪਰਤ ਆਉਂਦੀ ਮਾਂ -
ਆਪਣੀ ਚੁੱਪ ਦੀ ਦੁਨੀਆਂ ਵਿੱਚ -
ਲੋਟ ਕੇ ਬੁੱਧੂ ਘਰ ਨੂੰ ਆਏ
ਚੰਗੇ ਹੀ ਸਨ ਬੁੱਧੂ ਇਹ
ਘਰ ਤਾਂ ਆਉਂਦੇ ਸਨ ਪਰਤ ਕੇ,
ਉਸ ਦਾ ਘਰ ਤਾਂ ਹੁੰਦਾ ਸੀ
ਬੁੜਾਪੇ ਵਿੱਚ ਕਿੱਥੇ ਜਾਈਏ
ਪਹਿਲਾਂ ਤਾਂ ਹਰ ਗੱਲ ਵਿੱਚ ਹੋ ਜਾਂਦੀ ਸੀ
ਸੌਰੀ, ਐਸ. ਐਸ. ਔ. ਆਰ-ਆਰ. ਵਾਈ
ਰੂਈ ਦੇ ਫੰਬੇ ਦੀ ਤਰ੍ਹਾਂ ਲਗਦਾ ਸੀ ਇੱਕ-ਇੱਕ ਅੱਖਰ
ਉੱਡਦੇ ਸਨ ਹਵਾ ਵਿੱਚ
ਉੱਡ ਉੱਡ ਜਾਂਦੇ ਜਿਵੇਂ -
ਕਿਸੇ ਜੱਚਾ ਦੀ ਸੌਰੀ ਤੀਕ
ਚੁੱਪ ਤੋ ਹੀ ਕੰਮ ਚੱਲ ਜਾਂਦਾ ਹੁਣ ਤਾਂ
ਸਿਆਣੇ ਬੰਦੇ ਦਾ -
ਇਸੇ ਨੂੰ ਕਹਿੰਦੇ ਹਨ ਵੱਡਪਣ-ਵੱਡਾਪਣ !
ਵੱਡਾ ਜੋ ਹੋਵੇਗਾ
ਕਦੇ ਨਾ ਕਦੇ ਤਾਂ ਆਪਣੀ ਟਾਹਣੀ ਤੋ ਡਿੱਗੇਗਾ
ਮਾਂ ਵਾਂਗ....

****

# ਦੁੱਚਿਤੀ

ਮੈਂ ਪਾਣੀ ਪੀਤਾ ਚਾਰ ਵਾਰ
ਪੈਤੀ ਵਾਰ ਵੇਖੀ ਘੜੀ
ਸਤਾਰਾਂ ਵਾਰ ਤੱਕਿਆ ਬਾਰੀ ਵੱਲ
ਪੂਰਾ ਘਰ ਸਾਫ਼ ਕੀਤਾ ਕੋਈ ਸੱਤ-ਅੱਠ ਵਾਰ
ਪਰ ਫੋਨ ਨਹੀਂ ਕੀਤਾ ।

ਸਕੂਲ ਦੀ ਪ੍ਰਾਰਥਨਾ ਤੋਂ ਲੈ ਕੇ
ਪ੍ਰਾਰਥਨਾ ਦੀਆਂ ਪੁਸਤਕਾਂ ਦੇ
ਭਗਤੀ ਗੀਤ ਯਾਦ ਕੀਤੇ ਵਾਰ-ਵਾਰ।

ਤੇਤੀ ਵਾਰ ਪੂੰਜੀ ਲਾਲਟੇਨ
ਪਰ ਫੋਨ ਨਹੀਂ ਕੀਤਾ ਫਿਰ ਵੀ।

ਜੁੱਤੀ ਪਾਈ-ਲਾਹੀ ਵਾਰ-ਵਾਰ
ਪਰ ਤੁਰੀ ਨਹੀਂ
ਫਿਰ ਯਾਦ ਆਇਆ
ਕਹਿੰਦੇ ਸਨ ਬਾਬਾ ਮੇਰੇ
ਦੁੱਚਿਤੀ ਹੋਵੇ ਖਾਵਾਂ ਕਿ ਨਾਂ
ਤਾਂ ਕਦੇ ਨਾ ਖਾਵੋ
ਦੁੱਚਿਤੀ ਹੋਵੇ ਜਾਵਾਂ ਕੇ ਨਾਂ
ਤਾਂ ਜ਼ਰੂਰ ਜਾਵੋ
ਇੱਕ ਵਾਰ ਬਾਬਾ ਦੀ
ਆਗਿਆਕਾਰੀ ਬੱਚੀ ਬਣਨ ਨੂੰ ਜੀ ਕੀਤਾ
ਪਰ ਫਿਰ ਮਨ-ਹੀ-ਮਨ
ਬਾਬਾ ਨੂੰ ਸਮਝਾ ਦਿੱਤਾ
ਬੈਠ ਗਈ ਮਾਰ ਚੌਂਕੜੀ

ਛਿੱਕੇ ਤੇ ਟੰਗਿਆ ਹੋਇਆ ਮੇਰਾ ਮਨ !
ਉਝ ਤਾਂ ਜਾਣਦੀ ਹਾਂ ਮੈਂ
ਕਿ ਬਿੱਲੀ ਦੇ ਭਾਗ ਨੂੰ ਛਿੱਕਾ ਨਹੀਂ ਟੁੱਟਣਾ
ਫਿਰ ਵੀ ਤੱਕ ਰਹੀ
ਛਿਕੇ ਵੱਲ
ਇਕਟਕ
ਪਹਿਲੀ ਦੂਜੀ ਦੀ ਕਿਤਾਬ ਵਾਲੀ
ਮਾਣੋ-ਬਿੱਲੀ ਬਣ ਕੇ ।

****

# ਬਿਨ ਥਾਓ

"ਆਪਣੀ ਥਾਂ ਤੋਂ ਡਿੱਗ ਕੇ
ਕਿਤੇ ਦੇ ਨਹੀਂ ਰਹਿੰਦੇ
ਕੇਸ, ਔਰਤਾਂ ਅਤੇ ਨਹੁੰ
ਅਨੁਵਾਦ ਕਰਦੇ ਸਨ ਕਿਸੇ ਸਲੋਕ ਦਾ ਇੰਝ ਹੀ
ਸਾਡੇ ਸੰਸਕ੍ਰਿਤ ਦੇ ਟੀਚਰ
ਤੇ ਮਾਰੇ ਡਰ ਦੇ ਜੰਮ ਜਾਂਦੀਆਂ
ਅਸੀਂ ਕੁੜੀਆਂ
ਆਪਣੀ ਥਾਂ ਤੇ ਹੀ –

ਥਾਂ ? ਥਾਂ ਕੀ ਹੁੰਦੀ ਹੈ ?
ਵੈਸੇ ਤਾਂ ਜਾਣ ਲਿਆ ਸੀ ਅਸੀਂ
ਆਪਣੀ ਪਹਿਲੀ ਜਮਾਤ ਵਿੱਚ ਹੀ
ਯਾਦ ਸੀ ਸਾਨੂੰ ਇੱਕ-ਇੱਕ ਛਿਣ
ਸ਼ੁਰੂ ਦੇ ਪਾਠਾਂ ਦਾ –
"ਰਾਮ, ਸਕੂਲ ਜਾਂ !
ਰਾਧਾ, ਖਾਣਾ ਪਕਾ !
ਰਾਮ, ਆ ਬਤਾਸ਼ਾ ਖਾ !
ਰਾਧਾ, ਝਾੜੂ ਲਗਾ !
ਵੀਰ ਹੁਣ ਸੋਵੇਗਾ
ਜਾ ਕੇ ਬਿਸਤਰਾ ਵਿਛਾ !
ਵਾਹ ! ਨਵਾਂ ਘਰ ਕਿੰਨਾ ਸੋਹਣਾ ਹੈ
ਰਾਮ, ਵੇਖ ਇਹ ਤੇਰਾ ਕਮਰਾ ਹੈ !
"ਤੇ ਮੇਰਾ ?
ਐ ਪਗਲੀ
ਕੁੜੀਆਂ ਤਾਂ ਹਵਾ, ਧੁੱਪ, ਮਿੱਟੀ ਹੁੰਦੀਆਂ
ਉਨ੍ਹਾਂ ਦਾ ਕੋਈ ਨਵਾਂ ਘਰ ਨਹੀਂ ਹੁੰਦਾ"

ਜਿਨ੍ਹਾਂ ਦਾ ਕੋਈ ਨਵਾਂ ਘਰ ਨਹੀਂ ਹੁੰਦਾ
ਉਨ੍ਹਾਂ ਦੀ ਹੁੰਦੀ ਭਲਾ ਫਿਰ ਥਾਂ ਕਿਹੜੀ ?
ਕਿਹੜੀ ਥਾਂ ਹੁੰਦੀ
ਜਿਸ ਦੇ ਛੁੱਟ ਜਾਣ ਤੇ
ਔਰਤ ਹੋ ਜਾਂਦੀ

ਕੱਟੇ ਹੋਏ ਨਹੁੰ
ਕੰਘੇ 'ਚ ਫਸ ਕੇ ਬਾਹਰ ਆਏ ਕੇਸਾਂ ਵਰਗੀ
ਇਕਦਮ ਬੁਹਾਰ ਦੇਣ ਵਾਲੀ ?

ਘਰ ਛੁੱਟਿਆ, ਦਰ ਛੁੱਟਿਆ, ਛੁੱਟ ਗਏ ਲੋਕ
ਕੁਝ ਸਵਾਲ, ਪਿੱਛੇ ਪਏ ਸਨ ਉਹ ਵੀ ਛੁੱਟ ਗਏ
ਛੁੱਟਦੀਆਂ ਗਈਆਂ ਥਾਵਾਂ

ਪਰ ! ਕਦੇ ਵੀ ਨੇਲਕਟਰ ਜਾਂ ਕੰਘੀਆਂ ਵਿੱਚ
ਫਸੇ ਹੋਣ ਦਾ ਅਹਿਸਾਸ ਨਹੀਂ ਹੋਇਆ

ਪਰੰਪਰਾ ਤੋ ਛੁੱਟ ਇੰਝ ਲੱਗਦੈ
ਕਿਸੇ ਬੜੇ ਵੱਡੇ ਕਲਾਸਿਕ ਵਿੱਚੋ
ਪਾਸ ਕੋਰਸ ਬੀ. ਏ. ਦੇ ਪ੍ਰਸ਼ਨ-ਪੱਤਰ ਵਿੱਚੋ ਛੁੱਟੀ
ਛੋਟੀ ਜਿਹੀ ਸਤਰ ਹਾਂ -
ਚਾਹੁੰਦੀ ਨਹੀਂ ਲੇਕਿਨ -
ਕੋਈ ਕਰਨ ਬੈਠੇ ਮੇਰੀ ਵਿਆਖਿਆ ਪ੍ਰਸੰਗ ਸਹਿਤ !
ਸਾਰੇ ਅਰਥਾਂ ਤੋ ਪਾਰ -
ਮੁਸ਼ਕਿਲ ਨਾਲ ਉਡ ਕੇ ਪਹੁੰਚੀ ਹਾਂ
ਇੰਝ ਹੀ ਸਮਝੀ-ਪੜ੍ਹੀ ਜਾਵਾਂ
ਜਿਵੇਂ ਤੁਕਾਰਾਮ ਦਾ ਕੋਈ ਅਧੂਰਾ ਅਭੰਗ ।

****

## ਔਰਤ ਦਾ ਪਹਿਲਾ ਰਾਜਕੀ ਪਰਵਾਸ

ਉਹ ਇੱਕ ਹੋਟਲ ਦੇ ਕਮਰੇ ਵਿੱਚ ਦਾਖਲ ਹੋਈ
ਆਪਣੇ ਇੱਕਲੇਪਣ ਨਾਲ ਉਸ
ਬੜੀ ਗਰਮਜੋਸ਼ੀ ਦੇ ਨਾਲ ਹੱਥ ਮਿਲਾਇਆ !
ਕਮਰੇ ਵਿੱਚ ਹਨੇਰਾ ਸੀ
ਘੁੱਪ ਹਨੇਰਾ ਸੀ ਖੂਹ ਵਰਗਾ
ਉਸਦੇ ਅੰਦਰ ਵੀ !
ਸਾਰੀਆਂ ਕੰਧਾਂ ਹਨੇਰੇ ਵਿੱਚ ਫਰੋਲਦੀ ਰਹੀ
ਪਰ ! 'ਸਵਿੱਚ' ਕਿਤੇ ਵੀ ਨਹੀਂ ਸੀ
ਪੂਰਾ ਖੁੱਲ੍ਹਾ ਦਰਵਾਜ਼ਾ ਸੀ
ਵਰਾਂਡੇ ਦੀ ਰੋਸ਼ਨੀ ਨਾਲ ਚੱਲ ਰਿਹਾ ਸੀ ਕੰਮ
ਸਾਹਮਣੇ ਤੋ ਲੰਘਦੇ ਉਸ 'ਬੈਰੇ' ਨੇ
ਬੜੇ ਗਹੁ ਨਾਲ ਉਸਨੂੰ ਤੱਕਿਆ
ਉਸਦੀ ਪ੍ਰੇਸ਼ਾਨੀ ਸਮਝੀ ਅਤੇ
ਬਾਹਰ ਖੜ੍ਹੇ-ਖੜ੍ਹੇ ਹੀ
ਦਰਵਾਜ਼ਾ ਬੰਦ ਕਰ ਦਿੱਤਾ ।
ਜਿਓ ਹੀ ਦਰਵਾਜ਼ਾ ਬੰਦ ਹੋਇਆ
ਬਲਬਾਂ ਵਿੱਚ ਰੋਸ਼ਨੀ ਦੇ ਖਿੜ ਗਏ ਸਹਸਤੱਰ ਕਮਲ
'ਭਲਾ ਬੰਦ ਹੋਣ ਨਾਲ ਰੋਸ਼ਨੀ ਦਾ ਕੀ ਰਿਸ਼ਤਾ ?'
ਉਸ ਸੋਚਿਆ ।
ਡਨਲਪ ਤੇ ਲੇਟੀ
ਘਰ ਦੀ ਚਟਾਈ ਚੁਭਦੀ ਰਹੀ
ਅੰਦਰ ਕਿਤੇ-ਰੀੜ ਦੇ ਧੁਰ ਤੀਕ
ਤਾਂ ਕੀ ਹਰ ਔਰਤ ਰਾਜਕੁਮਾਰੀ ਹੁੰਦੀ ਹੈ ?
ਸੱਤ ਗਲੀਚਿਆਂ ਦੇ ਅੰਦਰ ਵੀ ਉਸਨੂੰ ਚੁੱਭ ਜਾਂਦਾ ਹੈ
ਕੋਈ ਮਟਰਦਾਨਾ ਬਹੁਤ ਪੁਰਾਣੀਆਂ ਯਾਦਾਂ ਦਾ ?

ਪੜ੍ਹਨ ਨੂੰ ਬਹੁਤ ਕੁਝ ਪਿਆ ਸੀ
ਪਰ ਉਸਨੇ ਟੈਲੀਫੋਨ ਦੀ ਸੂਚੀ ਹੀ ਤੱਕੀ
ਤੇ ਜਾਣਨਾ ਚਾਹਿਆ
ਅੰਤਰ-ਰਾਸ਼ਟਰੀ ਟੈਲੀਫੋਨ ਦਾ
ਠੀਕ-ਠਾਕ ਖਰਚਾ ।
ਫਿਰ ਆਪਣੀਆਂ ਸਭ ਡਾਲਰਾਂ ਖਰਚ ਕੇ
ਕੀਤੇ ਉਸਨੇ ਤਿੰਨ ਅੱਡ-ਅੱਡ ਕਾਲ !
ਸਭ ਤੋਂ ਪਹਿਲਾਂ ਆਪਣੇ ਬੱਚੇ ਨੂੰ ਕਿਹਾ
"ਹੱਲੋ-ਹੱਲੋ, ਬੇਟੇ
ਪੈਕਿੰਗ ਵੇਲੇ ਸੂਟਕੇਸ ਦੇ ਵਿੱਚ ਹੀ
ਸੋ ਰਿਹਾ ਸੀ ਤੂੰ ਕਿਉਂ ?
ਸਭ ਤੋ ਵੱਧ ਯਾਦ ਆ ਰਹੀ ਹੈ ਤੇਰੀ -
ਤੂੰ ਹੈ ਮੇਰਾ ਸਭ ਤੋਂ ਪਿਆਰਾ ।"
ਅਖੀਰੀ ਦੋ ਸਤਰਾਂ ਉਸਨੇ ਅੱਡ-ਅੱਡ ਕਹੀਆਂ
ਆਫ਼ਿਸ ਵਿੱਚ ਅੱਕੇ ਹੋਏ, ਅੰਟ-ਸ਼ੰਟ ਸੋਚਦੇ ਆਪਣੇ ਪ੍ਰੀਤਮ ਨੂੰ,
ਫਿਰ ਰਸੋਈ ਵਿੱਚ ਫਿਕਰ ਨਾਲ, ਬਰਤਨ ਖੜਕਾਉਦੀ ਆਪਣੀ ਮਾਂ ਨੂੰ !
... ਹੁਣ ਉਸਦੀ ਹੋਈ ਗ੍ਰਿਫਤਾਰੀ
ਪੇਸ਼ੀ ਹੋਈ ਖੁਦਾ ਮੂਹਰੇ
ਕਿ ਇੱਕੋ ਜੁਬਾਨ ਨਾਲ ਉਸਨੇ
ਤਿੰਨ-ਤਿੰਨ ਲੋਕਾਂ ਨੂੰ ਕਿਵੇਂ ਇੰਝ ਕਿਹਾ-
"ਤੂੰ ਹੈ ਮੇਰਾ ਸਭ ਤੋਂ ਪਿਆਰਾ"
ਇਹ ਤਾਂ ਸਰਾਸਰ ਧੋਖਾ -
ਸਭ ਤੋਂ ਵੱਧ ਮਤਲਬ, ਸਭ ਤੋਂ ਵੱਧ -
ਲੇਕਿਨ ਖੁਦਾ ਨੇ ਕਲਮ ਰੱਖ ਦਿੱਤੀ
ਅਤੇ ਕਿਹਾ-"ਔਰਤ ਹੈ, ਉਸਨੇ ਗਲਤ ਨਹੀਂ ਕਿਹਾ"।

****

## ਠੰਡੀ ਨੀਂਦਰ

ਮੂਲ ਲੇਖਿਕਾ: ਨਿਲੇਸ਼ ਰਘੁਵੰਸ਼ੀ

ਲੋਕਾਂ ਨੂੰ ਆਂਦੇ ਜਾਂਦੇ ਵੇਖਦੀ ਹਾਂ
ਵੇਖਦੇ-ਵੇਖਦੇ ਅੱਕ ਜਾਂਦੀ ਹਾਂ
ਇੱਕੋ ਜਿਹੇ ਦਿਨ
ਇੱਕੋ ਜਿਹੀਆਂ ਸ਼ਾਮਾਂ
ਰਾਤ-ਦੁਪਹਿਰ
ਇੱਕੋ ਜਿਹੇ

ਦੁਪਹਿਰ ਬਾਰੇ ਕੀ ਆਖਾਂ ਮੈਂ
ਉਹ ਤਾਂ ਭਰੀਆਂ ਹੁੰਦੀਆਂ ਹਨ - ਕੰਮਾਂ ਨਾਲ
ਕੰਮ ਤੋਂ ਇੰਨੀ ਅੱਕ ਜਾਂਦੀ ਹਾਂ ਮੈਂ
ਕਿ ਬੂਟਿਆਂ ਨੂੰ ਪਾਣੀ ਦੇਣਾ ਵੀ
ਲੱਗਦਾ ਹੈ ਹੁਣ ਕੰਮ
ਖਿਝ ਭਰਿਆ -ਬੇਮਨਾਂ ਜਿਹਾ
ਕੀਤਾ ਹੋਇਆ ਕੰਮ !

ਸ਼ਾਮ ਨੂੰ ਸੈਰ ਕਰਨਾ ਵੀ ਲੱਗਦਾ ਹੈ ਕੰਮ
ਨੀਰਸ ਰੋਜ਼ਾਨਾ ਦਾ ਹਿੱਸਾ ।

ਖਿੜਕੀਆਂ ਸਾਰੀਆਂ ਬੰਦ ਹਨ
ਇੱਕ ਵੀ ਪੈਨ ਨਹੀਂ ਢੰਗ ਦਾ
ਕਿਸੇ ਦੀ ਸਿਆਹੀ ਮੁੱਕ ਗਈ ਹੈ
ਕੋਈ ਪੈਨ "ਵਰਤੋਂ ਤੇ ਸਿੱਟੋ"
ਦਾ ਮਾਰਿਆ ਹੈ
ਪਰ !
ਲੱਖ ਕੋਸ਼ਿਸ਼ਾਂ ਮਗਰੋ ਵੀ
ਸੁੱਟ ਨਹੀਂ ਸਕਦੀ ।

ਸੁੱਤੀ ਨਹੀਂ ਕਿੰਨੀਆਂ ਰਾਤਾਂ ਤੋਂ
ਸੁਪਨੇ ਪਰੇਸ਼ਾਨ ਕਰਦੇ ਹਨ
ਇੱਕ-ਦੂਜੇ ਉਪਰ ਚੜ੍ਹਦੇ ਹਨ
ਜਾਗਦੀਆਂ ਅੱਖਾਂ ਵੱਲ ਤੱਕਦੇ ਹਨ
ਬੜੇ ਚਿਰਾਂ ਤੋਂ ਸੁੱਤੇ ਨਹੀਂ ਮੇਰੇ ਵਾਂਗ
ਸਮਾਂ ਭਾਵੇਂ ਕਿੰਨਾ ਵੀ ਔਖਾ
ਔਖੇ ਤੋਂ ਔਖਾ ਹੋਵੇ
ਜਗ੍ਹਾਂ ਤਾਂ ਹੋਣੀ ਚਾਹੀਦੀ ਹੈ ਉਸ ਵਿੱਚ
ਕਲਮ-ਖਿੜਕੀਆਂ ਅਤੇ ਕਾਗਜ਼ ਲਈ
ਬੜਾ ਔਖਾ ਹੈ
ਸੁਪਨਿਆਂ ਨੂੰ ਲੰਮੀ ਠੰਡੀ ਨੀਂਦਰੇ ਸਵਾ ਦੇਣਾ ।

****

# ਇਸ ਵਕਤ

ਇੱਕ ਨੁਕਰ ਵਿੱਚ
ਬਿੱਲੀ ਆਪਣੇ ਬੱਚੇ ਨੂੰ ਦੁੱਧ ਪਿਲਾ ਰਹੀ ਹੈ
ਛੋਟੇ-ਛੋਟੇ ਬਲੂੰਘੜੇ ਤੇ ਬਿੱਲੀ ਚਿੰਬੜੇ ਪਏ ਆਪਸ ਵਿੱਚ
ਮੁਸ਼ਕਿਲ ਹੈ ਗਿਣਨਾ

ਇੱਕ ਔਰਤ
ਰੁੱਖ ਤੇ ਰੱਸੀ ਦੀ ਪੀਂਘ ਬਣਾਂ
ਹੂਟਾ ਦੇ ਰਹੀ ਬੱਚੇ ਨੂੰ
ਬੱਚੇ ਦੇ ਨਾਲ-ਨਾਲ ਔਰਤ ਵੀ ਜਾ ਰਹੀ
ਹੌਲੇ-ਹੌਲੇ ਨੀਂਦ ਵਿੱਚ

ਇਸ ਵਕਤ ਇੱਕ ਵੀ ਪੱਤਾ
ਖੜਕਣਾ ਨਹੀਂ ਚਾਹੀਦਾ....।

****

## ਸੁਰੱਖਿਆ ਕਵਚ

ਰੁਕਣਾ ਸ਼੍ਰੀਮਾਨ ਜੀ
ਮੈਨੂੰ ਡਰਾਉਣ ਦੀ ਕੋਸ਼ਿਸ਼ ਨਾ ਕਰਨਾ ਜੀ
ਬਹੁਤ ਪਾ ਲਿਆ ਆਪਣੇ ਉਪੱਰ ਮੈਂ
ਤੁਹਾਡੀ ਸੁਰਖਿਆ ਦਾ ਕਵਚ
ਹੁਣ ਨਹੀਂ ਮੇਰੇ ਤੋਂ ਹੋਰ ਵਿਖਾਵਾ ਹੁੰਦਾ
ਤੰਗ ਆ ਚੁੱਕੀ ਹਾਂ ਮੈਂ
ਇਹੋ-ਜਿਹੇ ਦਿਨ
ਇਹੋ-ਜਿਹੀਆਂ ਰਾਤਾਂ ਤੋਂ
ਖਿੜ ਰਹੇ ਚਾਰੋ ਪਾਸੇ ਗੇਦੇਂ ਦੇ ਫੁੱਲ
ਮੌਸਮ ਦੇ ਜਾਂਦੇ ਹੀ ਚਲੇ ਜਾਣਗੇ ਇਹ ਵੀ,
ਫਿਰ ਕਲ੍ਹ ਦੀ ਹੀ ਤਾਂ ਗੱਲ ਹੈ
ਛੱਤ ਦੀ ਪੌੜੀਆਂ ਤੇ ਦੋ ਨਿੱਕੇ ਕਬੂਤਰਾਂ ਨੇ ਲਿਆ ਹੈ ਜਨਮ
ਜੇ ਤੁਹਾਡੀ ਸੁਣਦੇ ਤਾਂ
ਕਦੇ ਵੀ ਉਹ ਆਲ੍ਹਣਾ ਨਾ ਬਣਾਉਂਦੇਂ
ਚੰਨ ਨੂੰ ਨਹੀਂ ਕਹਿੰਦੇ ਤੁਸੀਂ
ਬਦਲਦਾ ਰਹਿੰਦਾ ਉਹ ਆਪਣਾ ਚਿਹਰਾ ਨਿੱਤ
ਵੇਖਿਆ ਨਹੀਂ ਕਿਵੇਂ ਨਿੱਕਾ ਜਿਹਾ ਸੀ ਕੱਲ੍ਹ
ਅੱਜ ਕੱਲ੍ਹ ਤੋ ਇਕਦਮ ਉਲਟ
ਬੜੇ ਰੋਅਬ ਨਾਲ ਚਮਕ ਰਿਹਾ ਹੈ ਉਹ
ਤਾਂ ਜਨਾਬ
ਇਨ੍ਹਾਂ ਤੇ ਕੋਈ ਵੱਸ ਨਹੀਂ ਚੱਲਦਾ ਤੁਹਾਡਾ
ਸਾਰੀਆਂ ਬੰਦਿਸ਼ਾ ਮੇਰੇ ਲਈ ਹੀ ਹਨ
ਤੁਸੀਂ ਇਸ ਧੁੱਪ ਨੂੰ ਹੀ ਤੱਕੋ
ਜਦ ਖਿੜਕੀ ਖੁੱਲੀ ਹੋਵੇਗੀ
ਤਾਂ ਨਹੀਂ ਆਵੇਗੀ
ਜਦ ਵੀ ਬੰਦ ਕਰੋਗੇ ਖਿੜਕੀ

ਤਾਂ ਝੱਟ ਹੀ ਆ ਧਮਕੇਗੀ
ਜਾਗੋ ਮੀਟੀ ਖੇਡਦੀ ਕਿ ਬਸ....
ਆਰਾਮ ਨਾਲ ਨਹੀਂ ਜਿਉਣ ਦਿੰਦੇ
ਤੁਸੀਂ ਕਿਸੇ ਨੂੰ ਵੀ
ਹੋਰ ਤਾਂ ਹੋਰ
ਮਰੇ ਹੋਏ ਬੰਦੇ ਨੂੰ ਵੀ ਨਹੀਂ ਛੱਡਦੇ ਤੁਸੀਂ ਤਾਂ
ਖ਼ੂਨ ਵਿੱਚ ਗੁੱਸਾ ਭਰ ਜਾਂਦਾ ਹੈ ਉਨ੍ਹਾਂ ਕਰਕੇ
ਲੋਹੇ ਨੂੰ ਜੰਗ ਲੱਗਦਾ ਜਾ ਰਿਹਾ ਹੈ ਕਦ ਤੋਂ ਹੀ
ਕਦੇ ਸੋਚਿਆ
ਕਿਵੇਂ ਛੁੱਟੇ ਜੰਗ ਇਸ ਲੋਹੇ ਤੋਂ
ਚੁੱਪ ਕਰੋ, ਮੈਂ ਜੁਰਾਬਾਂ ਰੱਖਦੀ ਹਾਂ ਜਗ੍ਹਾ ਸਿਰ
ਤੁਸੀਂ ਬਾਜ ਨਹੀਂ ਆਉਂਦੇ
ਜੁੱਤੀਆਂ ਲਾ ਕੇ ਸਿੱਟਣ ਤੋਂ
ਕੀ ਕਿਹਾ ?
ਨਹੀਂ ਜਾ ਸਕਦੀ ਸੋਖਿਆਂ ਮੈਂ
ਜੀ ਹਾਂ
ਉਹੀ ਘਰ ਛੱਡ ਕੇ ਜਾ ਰਹੀ
ਸਾਲਾਂ ਲੱਗੇ
ਜਿਸਨੂੰ ਬਣਾਉਣ ਲਈ ।
ਇਹ ਛੋਟਾ ਜਿਹਾ ਬਗੀਚਾ
ਜਿਸ ਨੂੰ ਨਹੀਂ ਤੱਕ ਸਕੀ ਕਦੇ ਜੀ ਭਰ ਕੇ
ਖਿੜ-ਖਿੜਾ ਕੇ ਵੀ ਨਾ ਹੱਸ ਸਕੀ
ਕਿੱਥੇ ਛੱਡਿਆ ਹੈ ਇਨ੍ਹਾਂ ਸਕੂਨ ਕਿ ਹਰੀ ਘਾਹ ਤੇ
ਲੇਟ ਸਕੇ ਕੋਈ ਤੇ ਤੱਕ ਸਕੇ ਖੁੱਲਾ ਆਸਮਾਨ
ਹੱਟ ਜਾਵੋ - ਹੱਟ ਜਾਵੋ
ਅਜਿਹੀ ਉਧਾਰ ਦੀ ਅਮੀਰੀ ਤੋਂ ਤੰਗਹਾਲੀ ਚੰਗੀ

ਤੰਗਹਾਲੀ ਭਾਵੇਂ ਹੋਰ ਕੁਝ ਵੀ ਨਾ ਦਿੰਦੀ ਹੋਵੇ
ਖ਼ੁਦ ਨਾਲ ਲੜਨ ਦੀ ਤਾਕਤ ਜ਼ਰੂਰ ਦਿੰਦੀ ਹੈ
ਇਹ ਜੋ ਅਮੀਰੀ ਦਾ ਚੱਕਰਵਿਊ ਰਚਿਆ ਹੈ ਤੁਸਾਂ
ਇਸ ਨੂੰ ਮੈਂ ਤਾਰ-ਤਾਰ ਕਰ ਦੇਣਾ ਚਾਹੁੰਦੀ ਹਾਂ
ਗੱਲ ਜਿਨ੍ਹੀ ਵਧਾਉਗੇ, ਉਨੀ ਹੀ ਵੱਧ ਜਾਵੇਗੀ ਸ਼੍ਰੀਮਾਨ ਜੀ
ਤੁਸੀਂ ਤਰਕ ਤੇ ਤਰਕ ਦਿਉਗੇ
ਜਾਣ ਦੇਵੋ ਮੈਨੂੰ
ਬੰਨ੍ਹ ਦਿਉਗੇ ਤੁਸੀਂ ਮੱਲੋ-ਮੱਲੀ
ਇਹ ਸੁਰੱਖਿਆ ਦੀ ਪੇਟੀ
ਹੋ ਸਕਿਆ ਤਾਂ ਮਿਲਾਂਗੇ ਫੇਰ
ਫਿਲਹਾਲ ਤਾਂ ਨਮਸਤੇ-ਨਮਸਕਾਰ ।

****

# ਮੈਂ ਔਰਤ ਹਾਂ (1)

ਮੂਲ ਲੇਖਿਕਾ: ਰਾਜੀ ਸੇਠ

ਨਾ ਗਿਣੇ
ਕਦੇ ਬਿਰਖ ਦੇ ਪੱਤੇ
ਨਾ ਵਗਦੇ ਪਾਣੀ ਵਿੱਚ ਧੋਤੇ ਪੈਰ
ਨਾ ਖੇਡਿਆ ਕਦੇ ਗੁੱਡੀਆਂ-ਪਟੋਲਿਆਂ ਦਾ ਖੇਡ
ਨਾ ਹੀ ਕੀਤਾ ਗੁੱਡੀਆਂ ਦਾ ਵਿਆਹ
ਨਾ ਬਰਾਤੀ ਸੱਦੇ
ਨਾ ਜਿਉਂ ਕੇ ਵੇਖੇ ਸੁਪਨਿਆਂ ਦੇ ਦਿਨ
ਸਪਨੀਲੇ
ਸੋਹਣੇ
ਜਾਣਦੀ ਨਹੀਂ ਸਾਂ
ਆਉਣ ਵਾਲੇ ਦਿਨ ਹੋਣਗੇ
ਇੰਨੇ ਨੰਗ-ਮਲੰਗ
ਇੱਕ ਤਸਵੀਰ ਵੀ ਬਣਾਉਣਾ ਚਾਹਵਾਂਗੀ
ਨਹੀਂ ਬਣ ਸਕੇਗੀ
ਉੱਡ-ਪੁੱਡ ਜਾਵੇਗੀ
ਬਿਨ ਪੱਤਿਆਂ ਦਾ ਬਿਰਖ
ਕਾਠ ਹੀ ਕਾਠ
ਬਿਨਾਂ ਜਿੰਦ ਦੇ ਦੇਹ ਹੀ ਦੇਹ

ਸੌਣ ਵੇਲੇ
ਪੈਰਾਂ ਤੋਂ ਚਿੱਕੜ ਧੋਂਦਿਆਂ ਲੱਗੇਗਾ
ਪੈਰ ਹੀ ਧੋ ਰਹੀ ਹਾਂ
ਪੰਜੇ ਉਂਗਲਾਂ
ਪੰਜ ਨਹੁੰਆਂ ਵਾਲੀਆਂ
ਪੰਜ ਖੰਭਾਂ ਵਾਲੀਆਂ ਨਹੀਂ ।

## ਮੈਂ ਔਰਤ ਹਾਂ ( 2 )

ਜਾਣਦੀ ਹਾਂ
ਮੈਨੂੰ ਬਹੁਤ ਗੁੱਸਾ ਸਹਿਣਾ ਪਿਆ
ਜੋ ਅਸਲ ਮੇਰੇ ਲਈ ਨਹੀਂ ਸੀ ।

ਬਹੁਤ ਸਾਰੀ ਬੇਇੱਜ਼ਤੀ
ਜਿਸ ਨੂੰ ਮੇਰੇ ਤੇ ਥੁੱਕਦਾ ਮਨੁੱਖ
ਗੁੱਸੇ ਵਿੱਚ ਪਾਗਲ ਹੋਣ ਦੇ ਬਾਵਜੂਦ
ਥੁੱਕਣਾ ਨਹੀਂ ਸੀ ਚਾਹੁੰਦਾ ਮੇਰੇ ਤੇ
ਕਿਤੇ ਹੋਰ ਥੁੱਕਣਾ ਚਾਹੁੰਦਾ ਸੀ ।

ਇਹ ਤਾਂ ਬਸ ਮੇਰੀ ਕਿਸਮਤ ਹੀ ਸੀ
ਕਿ ਮੈਂ ਸਾਹਮਣੇ ਸਾਂ
ਪਰ !
ਫਿਰ ਵੀ ਕਿੱਥੇ ਸਾਂ ਮੈਂ ਉਸ ਥਾਂ ਤੇ
ਕਿੱਥੇ ਸਾਂ ਮੈਂ ?

ਮੈਨੂੰ ਕੱਲ੍ਹ ਹੀ ਚੁੰਮਿਆ ਉਸਨੇ
ਹੱਫਦੇ ਹੋਏ
ਹਾਰੇ ਹੋਏ ਸਿਪਾਹੀ ਵਾਂਗ ਥੱਕ ਕੇ
ਡਿੱਗ ਗਿਆ ਮੇਰੀ ਛਾਤੀ ਤੇ
ਆਖਣ ਲੱਗਾ ਹੌਲੇ ਜਿਹੇ
ਤੂੰ ਤਾਂ ਹੈ
ਮੇਰੇ ਬੱਚਿਆਂ ਦੀ ਮਾਂ
ਮੇਰੇ ਜਨਮ-ਜਨਮ ਦਾ ਸਾਥ
ਮੇਰਾ ਆਦ ਮੇਰਾ ਅੰਤ
ਮੇਰੀ ਗਤ-ਆਗਤ ਕਥਾ ।

# ਉਹ ਜ਼ਰੂਰ ਡਾਕੂ ਸਨ

ਉਨ੍ਹਾਂ ਦੇ ਹੱਥਾਂ ਵਿੱਚ ਹਥਿਆਰ ਨਹੀਂ ਸਨ
ਨਾ ਹੀ ਚਿਹਰਿਆਂ ਤੇ ਨਕਾਬ
ਨਾ ਹੀ ਉਹ ਘੋੜਿਆਂ ਤੇ ਸਵਾਰ ਸਨ
ਨਾ ਅੱਖਾਂ ਵਿੱਚ ਲਾਲ ਡੋਰੇ
ਨਾ ਸਿਰ ਤੇ ਖ਼ੂਨ ਸਵਾਰ
ਨਾ ਹੀ ਨਾਲ ਕੋਈ ਗਿਰੋਹ
ਨਾ ਰੋਅਬ ਨਾ ਦਾਰ ਨਾ ਸਰਦਾਰ

ਪਰ ਉਹ ਸਨ ਜ਼ਰੂਰ ਅੰਦਰਲੇ ਜਾਣਕਾਰ
ਚੋਰ ਬੂਹੇ ਤੋਂ ਅੰਦਰ ਆਏ
ਚੁੱਪ-ਚੁਪੀਤੇ ਗਿੱਲੀਆਂ ਰਾਤਾਂ ਵਿੱਚ
ਜੋ ਸਾਂਭ-ਸਾਂਭ ਰੱਖਿਆ ਸੀ
ਉਹ ਲੁੱਟ ਕੇ ਲੈ ਗਏ
ਖਿੰਡਾ ਦਿੱਤਾ ਰੇਸ਼ਾ-ਰੇਸ਼ਾ
ਇਸਤਰੀਤਵ ।

****

# ਸੁਪਨਿਆਂ ਦਾ ਗੀਤ

**ਮੂਲ ਲੇਖਿਕਾ: ਗੀਤਾ ਡੋਗਰਾ**

ਚਲੋ ਗਾ ਲੈਣ ਦੇਵੋ
ਸੁਪਨਿਆਂ ਦਾ ਗੀਤ
ਜਦ ਮੌਸਮ ਬਦਲੇਗਾ – ਵੇਖਿਆ ਜਾਵੇਗਾ
ਸੁਪਨਿਆਂ ਦੀ ਝੀਲ 'ਚ ਨਹਾਣ ਦੇਵੋ ।

ਲਿਖਣ ਦੇਵੋ ਇੱਕ ਖਤ ਪ੍ਰੇਮੀ ਨੂੰ
ਜੋ ਰਿਝਾਉਂਦਾ
ਉਂਗਲ ਪਕੜ ਲੈ ਜਾਂਦਾ
ਚੰਨ ਤਾਰਿਆਂ ਤੋਂ ਦੂਰ
ਖਵਾਬ ਟੁੱਟਣਗੇ ਜਦ
ਵੇਖਿਆ ਜਾਵੇਗਾ
ਉਦੋਂ ਤੀਕ ਤੱਕ ਤਾਂ ਖਿੜ ਲੈਣ ਦੇਵੋ ਫੁੱਲ
ਭਿੱਜ ਲੈਣ ਦੇਵੋ ।

ਮੈਂ ਰਹਾਂ ਜਾਂ ਹੋ ਜਾਵਾਂ ਨਦੀ
ਲਹਿਰ ਕਦੀ ਰੁਕੇਗੀ ਉਦੋ ਵੇਖਾਂਗੇ
ਉਦੋ ਤੱਕ ਵਗ ਲੈਣ ਦੇਵੋ, ਰੋਕੋ ਨਾ
ਨਹਾ ਲੈਣ ਦੇਵੋ ਝਰਨੇ ਹੇਠ ।

****

## ਰੂਹ ਦੀ ਬਾਤ

ਜਿਸਮ ਜਿਸਮ ਨਹੀਂ ਹੁੰਦਾ
ਜਦ ਤੱਕ ਨਾ ਹੋਵੇ
ਉਸ ਵਿੱਚ ਰੂਹ ਸ਼ਾਮਿਲ

ਇਸਦੇ ਲਈ ਕਰਦੀ ਹਾਂ ਬਗਾਵਤ
ਤੇਰੇ ਨਾਲ ਹਰ ਰਾਤ
ਨਹੀਂ ਦੇ ਸਕਦੀ ਤੇਰਾ ਸਾਥ
ਛੂਹ ਨਹੀਂ ਸਕਦੀ ਚਿਹਰਾ ਤੇਰਾ

ਕੈਕਟਸ ਵਾਂਗ ਲੱਗਣ ਲੱਗ ਪੈਂਦੀ ਹੈ ਤੇਰੀ ਛੋਹ
ਚੁਭਦੀ ਹੌਲੀ-ਹੌਲੀ
ਪਹਿਲਾਂ ਤਾਂ ਮੈਂ ਤੇਰੇ ਨਾਲ ਰਚ-ਮਿਚ ਜਾਂਦੀ ਸਾਂ
ਪਰ ਉਦੋ ਤੇਰੀ ਸੁਰ ਹੋਰ ਸੀ
ਤੇਰੀਆਂ ਨੀਂਦਾ ਵਿੱਚ ਉਸਦਾ ਨਾਓ
ਬਰਫ਼ ਵਾਂਗ ਜੰਮ ਜਾਂਦੀ ਸਾਂ ਸੁਣ - ਉਸੇ ਥਾਓ
ਯਕਦਮ
ਚਾਹੁਣ ਲੱਗੀ ਤੇਰੇ ਅਤੀਤ ਨੂੰ
ਉਸੇ ਨੂੰ ਲੈ ਕੇ ਤੇਰੇ ਨਾਲ ਟੁਰਨ ਲੱਗੀ
ਤੂੰ ਹੱਸਦਾ
ਲੰਮੇ ਪੈਂਡੇ ਤੁਰਦਿਆਂ ਵੀ
ਉਸੇ ਨੂੰ ਯਾਦ ਕਰਕੇ
ਕਦੇ ਉਸ ਤੇ ਆਪਣਾ ਗੁੱਸਾ ਕਰਦਾ
ਗੁੱਸੇ ਵਿੱਚ ਨਿਭਾਉਦੇਂ ਰਹੇ ਰਿਸ਼ਤਾ ਉਸ ਨਾਲ
ਬੇਨਾਮ ਰਿਸ਼ਤਾ
ਤੇ ਮੈਂ
ਤੇਰੇ ਤੋਂ ਬਹੁਤ ਦੂਰ ਨਿਕਲ ਆਈ

ਹੁਣ ਵੀ ਮੇਰੇ ਅੰਦਰ ਤੀਕ
ਪਲਦਾ ਰਹਿੰਦਾ ਹੈ ਉਹ ਬੇਇੱਜ਼ਤ ਹੋਣਾ
ਕਿ ਮੈਂ
ਕਿਉ ਬਣੀ ਰਹੀ ਤੇਰੇ ਡਰਾਇੰਗ ਰੂਮ ਦਾ ਸ਼ੋ-ਪੀਸ
ਕਿਉ ਵਰ੍ਹਿਆਂ ਬੀਤ ਗਏ
ਇਸੇ ਤਰ੍ਹਾਂ ਇੱਕ ਛੱਤ ਹੇਠ
ਪਰ !
ਛੂਹ ਨਹੀਂ ਸਕਿਆ ਤੂੰ ਮੇਰੀ ਰੂਹ
ਬਸ ਖੇਡਦੇ ਰਹੇ, ਜਿਸਮਾਂ ਨਾਲ ਅਸੀਂ
ਇੱਕ ਦੂਜੇ ਦੀ
ਆਦਤ ਬਣ ਗਏ
ਜ਼ਰੂਰਤ ਇੱਕ ਦੂਜੇ ਦੀ
ਪਰ !
ਖੇਡ-ਖੇਡ ਨਹੀਂ ਹੁੰਦੀ
ਵਕਤ ਆਉਣ ਤੇ ਖਤਮ ਹੋ ਜਾਂਦਾ ਹੈ
ਜਿਵੇਂ ਧਰਤ ਤੇ ਆ ਡਿੱਗਦੀ
ਅੰਬਰ ਨੂੰ ਛੋਹ ਲੈਣ ਮਗਰੋਂ ਕੋਈ ਗੇਂਦ
ਤੇ ਲਭ ਲੈਦੀ ਆਪਣੇ ਲਈ
ਜ਼ਮੀਨ ਦਾ ਇੱਕ ਟੁਕੜਾ ।

****

## ਕੁੜੀਆਂ

ਬਾਪੂ ਨੂੰ ਨਹੀਂ ਪਸੰਦ
ਕੁੜੀਆਂ ਦਾ
ਆਪਣੇ ਵਿਹੜੇ ਤੋਂ ਬਾਹਰ ਝਾਕਣਾ
ਉਨ੍ਹਾਂ ਨੂੰ ਉਕੱਾ ਨਹੀਂ ਪਸੰਦ
ਕਿ ਕੁੜੀਆਂ ਝੁੰਡ ਬਣਾ ਕੇ
ਪਿੰਡ ਦੀ ਕਿਸੇ ਗਲੀ ਵਿੱਚ ਖੜ੍ਹੀਆਂ ਹੋਣ
ਮਾਵਾਂ ਤੇ ਹੋਏ ਜ਼ੁਲਮਾਂ ਦੀ ਕਥਾ ਕਰਨ
ਮਰਦਾਂ ਦੀ ਨਾਮਰਦਗੀ ਤੇ ਆਪਣੀ ਰਾਇ ਬੁਨਣ

ਬਾਪੂ ਦੀ ਨਜ਼ਰ ਵਿੱਚ
ਕੁੜੀਆਂ ਦਾ ਜਨਮ ਹੀ ਇਸ ਲਈ ਹੁੰਦਾ ਹੈ
ਕਿ ਉਹ ਔਲਾਦ ਜਣਨ
ਤੇ ਜਰਦੀਆਂ ਰਹਿਣ, ਜਿਸਮ ਆਪਣੇ ਤੇ ਸੱਟਾਂ
ਧਰਤ ਵਾਂਗ,
ਕਹਿੰਦੀਆਂ ਰਹਿਣ ਗਲਤ ਨੂੰ ਠੀਕ
ਉਸੇ ਛੱਤ ਹੇਠ ਟਿਕੀਆਂ ਰਹਿਣ

ਬਾਪੂ ਨੂੰ ਉਕੱਾ ਪਸੰਦ ਨਹੀਂ
ਕੁੜੀਆਂ ਦਾ ਖਿੜ-ਖਿੜ ਹੱਸਣਾ
ਜੇ ਉਨ੍ਹਾਂ ਨੂੰ ਲੱਗੇ
ਕਿ ਕੁੜੀਆਂ ਵੱਧ ਰਹੀਆਂ
ਆਪਣੇ ਔਕਾਤ ਤੋਂ ਅੱਗੇ
ਤਾਂ ਉਹ ਬੁਨਣ ਲੱਗ ਪੈਂਦੇ
ਉਨ੍ਹਾਂ ਕੁੜੀਆਂ ਨੂੰ ਉਧੇੜਨ ਦੀ ਸਾਜ਼ਿਸ਼ ।

****

# ਨੀਂਦ ਵਿੱਚ

ਮੂਲ ਲੇਖਿਕਾ: ਵਿਭਾ ਰਾਣੀ

ਇਨ੍ਹਾਂ ਉਨੀਦਰਾਂ ਕਿਓ ਹੈ ਅੰਬਰ
ਸ਼ਰੇਆਮ ਸਵਾ ਦਿੰਦੀਆਂ ਥਪ-ਥਪਾ ਕੇ
ਬੱਚਿਆਂ ਨੂੰ ਔਰਤਾਂ
ਜੁੱਟ ਜਾਂਦੀਆਂ
ਚੁੱਲੇ ਚੌਂਕੇ, ਝਾੜੂ ਪੋਚੇ
ਵਿੱਚ ਘਸਾਉਂਦੀਆਂ ਆਪਣੇ-ਆਪ ਨੂੰ
ਉਨ੍ਹਾਂ ਲਈ ਇੱਕੋ ਪਰਿਭਾਸ਼ਾ
ਸ਼ਾਮ ਹੋਵੇ ਜਾਂ ਸਵੇਰ
ਕਿਓ ਹੈ ਇੰਝ
ਸੂਰਜ ਅਤੇ ਚੰਨ ਤੋਂ ਪੁੱਛੋ
ਇਸ ਸਵਾਲ ਦੇ ਜਵਾਬ ਵਿੱਚ
ਚੰਨ ਅਮੱਸਿਆ ਹੋ ਗਿਆ
ਸੂਰਜ ਰਾਹੂ ਨਾਲ ਗ੍ਰਸਿਆ
ਅੰਬਰ ਤੋਂ ਪੁੱਛਿਆ ਤਾਂ
ਕਦੇ ਬਹੁਤ ਹੀ ਭਾਰਾ ਹੋ ਗਿਆ
ਕਦੇ ਵੱਟ ਲਈ ਚੁੱਪ
ਬੱਚੇ ਤੇ ਔਰਤਾਂ
ਇਸੇ ਤਰ੍ਹਾਂ ਪਏ ਰਹਿੰਦੇ ਹਨ
ਆਪਣੇ-ਆਪਣੇ ਬਿਸਤਰਿਆਂ ਵਿੱਚ
ਉਨੀਦਰੇ ਜਿਹੇ ਨੀਂਦ ਵਿੱਚ ।

****

# ਔਰਤ

**ਮੂਲ ਲੇਖਿਕਾ: ਜਯੋਤਸਨਾ ਮਿਲਨ**

ਪਿਆਰ ਦੇ ਛਿਣਾਂ ਵਿੱਚ
ਕਦੇ-ਕਦੇ
ਈਸ਼ਵਰ ਵਾਂਗ ਲੱਗਦਾ ਹੈ ਮਰਦ-
ਔਰਤ ਨੂੰ ,
ਈਸ਼ਵਰ-ਈਸ਼ਵਰ ਦੇ ਸੁਰ ਨਾਲ
ਤੱਪਣ ਲੱਗਦਾ ਉਸਦਾ ਸਾਰਾ ਵਜੂਦ
ਅਚਾਨਕ
ਮਰਦ ਕਹਿੰਦਾ
"ਵੇਖ ਤਾਂ ਮੈਂ ਈਸ਼ਵਰ"
ਔਰਤ ਵੇਖਦੀ ਉਸ ਨੂੰ ਅਤੇ ਈਸ਼ਵਰ ਨੂੰ,
ਆਪਣੇ ਈਸ਼ਵਰ ਦੇ ਗੁੰਮ ਹੋ ਜਾਣ ਦੇ ਡਰ ਨਾਲ
ਤੜਪ ਕੇ ਫੇਰ ਲੈਂਦੀ ਮੂੰਹ।

****

# ਅੱਖਰ

**ਮੂਲ ਲੇਖਿਕਾ: ਪਦਮਾ ਸਚਦੇਵ**

ਸਾਂਤੀ ਵਾਲੇ ਸਫ਼ੇਦ ਕਬੂਤਰ
ਸਾਰੇ ਹੀ ਬਜ਼ੁਰਗ ਉਡਾ ਗਏ ਹਨ
ਹੁਣ ਸਾਡੇ ਪਾਸ
ਸਿਰਫ਼ ਕਾਲੇ ਕਬੂਤਰ ਹਨ
ਜਿਨ੍ਹਾਂ ਦੇ ਬੱਚੇ ਜੰਮਦਿਆਂ ਹੀ
ਖਾ ਜਾਂਦੀ ਹੈ ਬਿੱਲੀ
ਕਬੂਤਰ ਹੁਣ ਬੱਚੇ ਵੀ ਪੈਦਾ ਨਹੀਂ ਕਰਦੇ
ਬਿੱਲੀ ਦੇ ਡਰ ਤੋਂ ਉਹ ਜ਼ਮੀਨ ਨੂੰ ਛੂੰਹਦੇ ਵੀ ਨਹੀਂ –
ਅੰਬਰ 'ਚ ਹੀ ਉੱਡਦੇ ਹਨ
ਕਿਉਂਕਿ ਉਹ ਜਾਣਦੇ ਨਹੀਂ
ਅੰਬਰ ਵਿੱਚ ਹੋ ਗਈ ਮੋਰੀ
ਇਹ ਮੋਰੀ ਕਿਸੇ ਦਿਨ ਵੀ
ਬਿੱਲੀ ਬਣ ਖਾ ਜਾਵੇਗੀ ਧਰਤ ਨੂੰ

ਕਬੂਤਰਾਂ ਦੇ ਬਚਣ ਦੀ ਕੋਈ ਆਸ ਨਹੀਂ
ਹੋ ਸਕੇ ਤਾਂ ਸ਼ਬਦ ਬਚਾ ਲਵੋ
ਸ਼ਬਦਾਂ ਵਿੱਚ ਹੀ ਬਚੀ ਰਹੇਗੀ
ਆਪਣੇ ਜਿਉਣ ਲਈ ਕੀਤੀ ਸਾਰੀ ਕੋਸ਼ਿਸ –
ਸ਼ਬਦ ਹੀ ਸਾਡੇ ਪੁਰਖਿਆਂ ਨੂੰ ਸੰਭਾਲ ਰੱਖਣਗੇ
ਪਰ ਰੁਕੋ –
ਸੁਣੋ ਇਹ ਕਬੂਤਰ ਕੀ ਕਹਿ ਰਹੇ –
ਕਿ ਅੰਬਰ ਵਿੱਚ ਉੱਡਦੇ-ਉੱਡਦੇ
ਅਸੀਂ ਬੱਚ ਰਹਾਂਗੇ
ਜਾਂ ਕਿ ਅਸੀਂ ਹੀ ਸ਼ਬਦਾਂ ਨੂੰ ਬਚਾ ਲਈਏ
ਪਰ !
ਜੇ ਇਹ ਸ਼ਬਦ ਬੱਚ ਵੀ ਗਏ ਤਾਂ
ਇਨ੍ਹਾਂ ਨੂੰ ਪੜ੍ਹੇਗਾ ਕੌਣ ?

# ਦਿਨ

ਦਿਨ ਚੜ੍ਹਿਆ
ਜਾਂ ਖੋਲ੍ਹੀ ਹੈ ਸਮਾਧੀ ਕਿਸੇ ਜੋਗੀ ਨੇ ,

ਤ੍ਰਿਕਾਲਾਂ ਉਤਰ ਆਈਆਂ
ਜਾਂ ਨਿਕਲੀ ਹੈ ਡੋਲੀ

ਕੋਇਲ ਕੂਹ-ਕੂਹ ਕਰਦੀ ਹੈ
ਕਿ ਕੋਈ ਬੱਚਾ ਹੱਸਿਆ,
ਜਾਂ
ਗਲੀ ਤੋਂ ਕੋਈ ਡੋਗਰੀ ਗਾਉਦਾਂ ਨਿਕਲ ਗਿਆ ॥

****

# ਕਲਮ

ਕਲਮ
ਉਹ ਸਰਕੜੇ ਦੀ
ਟਾਹਣੀ ਨਾਲ ਹਿਲਦੀ ਪਈ
ਟਾਹਣੀ ਤੋਂ ਕਲਮ ਮੰਗੀ
ਖਿਝ ਕੇ ਬੋਲੀ ਉਹ –
ਹਾਲੇ ਪਰਸੋ ਹੀ ਤਾਂ ਦਿੱਤੀ ਸੀ ਨਵੀਂ ਕਲਮ,
ਉਹ ਕਿੱਥੇ ਗਈ, ਬੋਲ !
ਡਰਦਿਆਂ–ਡਰਦਿਆਂ ਮੈਂ ਕਿਹਾ
    ਛਿਲਦਿਆਂ–ਛਿਲਦਿਆਂ ਹੀ ਮੁੱਕ ਗਈ
ਪੁੱਛਿਆ ਉਸਨੇ
    ਕੀ ਤੂੰ ਬਹੀ–ਖਾਤੇ ਲਿਖਣ ਲਈ ਲੱਗੀ ਹੈ ਕਿਤੇ ਮੁਲਾਜ਼ਮ ?
    ਹਿਸਾਬ–ਕਿਤਾਬ ਲਈ ਚਾਹੀਦੀ ਰੋਜ਼ ਤੈਨੂੰ ਨਵੀਂ ਕਲਮ ?
ਕੌਣ ਹੈ ਸ਼ਾਹ, ਜਿਸਦੀ ਦੁਕਾਨ ਤੇ ਇੰਨਾ ਹੁੰਦਾ ਹੈ ਕੰਮ ?
ਮੈਂ ਸਹਿਜ ਨਾਲ ਬੋਲੀ
    ਮੈਂ ਸ਼ਾਹ ਨਹੀਂ , ਸ਼ਾਹਨੀ ਦਾ ਕੰਮ ਕਰਦੀ ਹਾਂ
ਉਹ ਸ਼ਾਹਨੀ ਬੜੀ ਤਾਕਤਵਰ ਹੈ ।
    ਉਸਦੇ ਘਰ ਕੰਮ ਕਰਨ ਵਾਲੀ ਮੈਂ ਇੱਕਲੀ ਨਹੀਂ
    ਕਿੰਨੇ ਹੀ ਹਨ ਚਾਕਰ ਉਸਦੇ –
    ਉਹ ਹੈ ਮੇਰੀ ਮਾਤ–ਭਾਸ਼ਾ ਡੋਗਰੀ ।
    ਕੱਢੋ ਕਲਮ ਜਲਦੀ ਕਰੋ
    ਲੱਭਦੀ ਹੋਵੇਗੀ ਉਹ ਮੈਨੂੰ
ਸਰਕੜੇ ਨੇ ਆਪਣੀ ਬਾਂਹ ਵੱਡੀ
    ਦਿੱਤੀ ਮੈਨੂੰ ਤੇ ਕਿਹਾ –
    "ਲੈ ਜਾਂ ਇਸਨੂੰ, ਮੈਂ ਵੀ ਚਾਕਰ ਉਸੇ ਦਾ" ।

****

# ਤੁਲਮੁਲ

**ਮੂਲ ਲੇਖਿਕਾ: ਸ਼ਮਾ ਕੌਲ**

ਇੱਥੇ ਹੀ ਬੰਨ੍ਹਿਆਂ ਹੈ ਮੈਂ ਆਪਣਾ
ਹਿਣਹਿਣਾਉਦਾਂ, ਗਸ਼ ਖਾ ਕੇ ਡਿੱਗਦਾ
ਸ਼ੇਰ ਦੇ ਅੱਗੇ, ਚੂੰ ਵੀ ਨਹੀਂ ਕਰਦਾ
ਅਵਾਰਾ –
ਮਿਰਗੀ ਦਾ ਮਾਰਿਆ
ਪਾਗਲ ਘੋੜਾ ।
ਜੰਗਲੇ ਨਾਲ ਬੰਨ੍ਹੀ ਰੱਸੀ ਨੂੰ ਤੁੜਵਾਉਦਾਂ
ਭੱਜਦਾ, ਝੱਗ ਸਿੱਟਦਾ – ਹਫ਼ਦਾ
ਹਵਾ ਦੇ ਜੋਰ ਨਾਲ ਉੱਡ ਕੇ
ਝਾਕਦਾ –
ਥੱਕਿਆ, ਡਿੱਗਿਆ, ਛਿਣ ਵਿੱਚ ਖ਼ਤਮ ਹੁੰਦਾ
ਘਰਾਂ ਦੀਆਂ ਸੁੰਨੀਆਂ ਖਿੜਕੀਆਂ ਤੇ ।

ਆਹ–ਹ–ਹ ਇਹ ਮੇਰਾ
ਪਾਗਲ ਘੋੜਾ, ਮੁੜ–ਮੁੜ
ਮੈਂ ਇੱਥੇ ਹੀ ਬੰਨ੍ਹਿਆ ਮੈਂ ਆਪਣਾ 'ਮੈਂ' ।

****

## ਚਸ਼ਮੇ ਦਾ ਕੱਚ

**ਮੂਲ ਲੇਖਿਕਾ: ਨਿਰਮਲਾ ਗਰਗ**

ਬੁੱਢੀ ਔਰਤ
ਗਵਾ ਬੈਠੀ ਹੈ ਚਸ਼ਮਾ ਆਪਣਾ
ਉਸਦੀਆਂ ਝੁਰੜੀਆਂ ਨਾਲ ਭਰੀਆਂ ਉਗਲਾਂ ਲਭਦੀਆਂ
ਕੁਝ ਨਾ ਕੁਝ, ਹਰ ਵਕਤ
ਆਲਾ ਤਿਪਾਈ-ਬਿਸਤਰਾ
ਅੰਬਰ ਵੀ ਉਸਦੀ ਪਹੁੰਚ ਤੋਂ ਬਾਹਰ ਨਹੀਂ ਰਹਿੰਦਾ
ਚਸ਼ਮੇ ਦੇ ਕੱਚ ਬਾਈ-ਫੋਕਲ ਸਨ
ਨੇੜੇ ਹੋਣ ਦਾ ਮਤਲਬ ਰੂਹ ਤੱਕ ਪੁੱਜਣਾ ਨਹੀਂ ਸੀ
ਬਹੁਤਾ ਤਾਂ ਉਹ ਅਕਾ ਦੇਣ ਵਾਲਾ ਅਤੇ ਗੈਰ ਜ਼ਿੰਮੇਵਾਰ ਸੀ
ਨਾ ਦੂਰ ਹੋਣ ਦਾ ਮਤਲਬ ਸਿਰਫ਼ ਦ੍ਰਿਸ਼ਾਂ ਤੋਂ ਹੀ ਸੀ

ਉਹੀ ਯਾਦਾਂ
ਉਹੀ ਰਿਸ਼ਤੇ
ਬੀਤ ਚੁੱਕੇ ਛਿਣਾਂ ਦੇ ਨਿੱਕੇ ਵੱਡੇ ਤਲਾਅ ਸਨ
ਚਸ਼ਮੇ ਦਾ ਫਰੇਮ ਬਣਿਆ ਸੀ ਉਨ੍ਹੀ ਸੌ ਚੁਤਾਲੀ ਵਿੱਚ
ਉਦੋ ਫਰੇਮ ਟਿਕਾਓ, ਪਰ ਘੱਟ ਖ਼ੂਬਸੂਰਤ ਹੁੰਦੇ ਸਨ
ਵਰਾਇਟੀ ਦਾ ਤਾਂ ਸਵਾਲ ਹੀ ਨਹੀਂ ਸੀ
ਏਹੀ ਖਿਆਲ ਉਸ ਬੁੱਢੀ ਔਰਤ ਦੇ ਪ੍ਰੇਮ ਦੇ ਸੰਬੰਧ ਵਿੱਚ ਵੀ ਸੀ ।

****

## ਡਾਇਨਾ

ਉਹ ਵਾਰ-ਵਾਰ ਸਾਧਾਰਣਤਾ ਵੱਲ ਮੁੜਦੀ
ਵਾਰ-ਵਾਰ ਉਸਨੂੰ ਉਚੇਚ ਵੱਲ ਘੱਲਿਆ ਜਾਂਦਾ
ਉਸਦੇ ਚਾਰੇ ਪਾਸੇ ਆਲੀਸ਼ਾਨ ਸਜੀਆਂ ਕੰਧਾਂ ਸਨ
ਪਰ ਉਨ੍ਹਾਂ ਕੰਧਾਂ ਵਿੱਚ ਕੋਈ ਖਿੜਕੀ ਨਹੀਂ ਸੀ -
ਸਿਰਫ਼ ਬੁਰਜੀਆਂ ਸਨ - ਜਿੱਥੋ ਝਾਕਣ ਤੇ ਸਿਰ ਘੁੰਮਣ ਲੱਗਦਾ ਸੀ ।
ਕਮਰਿਆਂ ਵਿੱਚ ਬਹੇਪਣ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੀ -
ਬਦਬੋ ਸ਼ਾਮਿਲ ਸੀ ।
ਇੱਕ ਦਿਨ ਉਹ ਸਭ ਕੁਝ ਲੰਘ ਕੇ ਬਾਹਰ ਆ ਗਈ,
ਹਵਾ ਤੇ ਧੂੜ ਦੀ ਤਰ੍ਹਾਂ, ਸਭ ਪਾਸੇ ਫੈਲ ਗਈ ।

ਉਹ ਇੱਕ ਸੁੱਹਪਣ ਸੀ
ਟਾਹਣੀ ਸੀ, ਪੱਤੀ ਸਮੇਤ ।
ਸਵੇਰ ਦਾ ਧੋਤਾ ਹੋਇਆ ਬਰਾਂਡਾ ਸੀ
ਉਸ ਨੂੰ ਪ੍ਰੇਮ ਚਾਹੀਦਾ ਸੀ - ਆਪਣੀਆਂ ਸਾਰੀਆਂ
ਕਮੀਆਂ ਕਮਜ਼ੋਰੀਆਂ ਦੇ ਬਾਵਜੂਦ ।
ਜਿਹੋ ਜਿਹੀ ਉਹ ਸੀ, ਉਸ ਦੇ ਬਾਵਜੂਦ ।
ਉਸ ਵਿੱਚ ਪ੍ਰੇਮ ਸੀ
ਜਿਸਨੂੰ ਉਹ ਡੋਲ੍ਹਣਾ ਚਾਹੁੰਦੀ ਸੀ -
ਆਪਣਿਆਂ ਤੇ, ਦੂਜਿਆ ਤੇ ।
ਡੋਲ੍ਹਦੀ ਵੀ ਸੀ ਕੱਚਾ-ਪੱਕਾ
ਜੋ ਵੀ ਤਰੀਕਾ ਉਸਨੂੰ ਆਉਦਾਂ ਸੀ ।

ਦੁੱਖ ਤੇ ਤਣਾਓ ਉਸਨੂੰ ਅਕਸਰ ਹੀ ਘੇਰ ਲੈਦੇਂ
ਉਹ ਮੌਤ ਵੱਲ ਭੱਜਦੀ, ਮੌਤ ਉਸਨੂੰ ਮੋੜ ਦਿੰਦੀ
ਬਾਅਦ ਵਿੱਚ ਇਹ ਸਭ
ਇੱਕ ਖੇਡ ਵਿੱਚ ਬਦਲ ਗਿਆ ।

# ਮਿਸੇਜ਼ ਗੁਪਤਾ

ਮਿਸੇਜ਼ ਗੁਪਤਾ ਦੇ ਪਾਸ ਖਾਲੀ ਵਕਤ ਹੈ
ਇੱਕ ਵੱਡਾ ਥਾਨ
ਰੋਜ਼ ਉਸਨੂੰ ਖੋਲ੍ਹਦੀ
ਦਰਵਾਜ਼ੇ ਤੱਕ ਵਿਛਾਉਦੀ
ਫਿਰ ਇੱਕ-ਇੱਕ ਕਦਮ
ਪਾਰ ਕਰਦੀ ਹੈ ਵਰ੍ਹੇ -

ਮਿਸੇਜ਼ ਗੁਪਤਾ ਨੂੰ ਯਾਦ ਆਉਂਦਾ ਹੈ
ਬਚਪਨ
ਹਰਸ਼ਿੰਗਾਰ ਦੇ ਫੁੱਲ
ਸ਼ਿਵ-ਪਾਰਵਤੀ ਦਾ ਮੰਦਿਰ

ਮਾਂ ਨੇ ਰਾਜ਼ ਮੰਗਿਆ, ਆਪਣੀ ਧੀ ਲਈ
ਮਾਂ ਨੇ ਭਾਗ ਮੰਗਿਆ, ਆਪਣੀ ਧੀ ਲਈ
ਪੂਰੀ ਹੋਈ ਮਾਂ ਦੀ ਅਰਦਾਸ
ਉੱਚੀ ਨੌਕਰੀ ਤੇ ਹਨ ਮਿਸਟਰ ਗੁਪਤਾ
ਮਿਸੇਜ਼ ਗੁਪਤਾ ਨੇ ਕੀ ਮੰਗਿਆ ਸੀ ?
ਮਿਸੇਜ਼ ਗੁਪਤਾ ਵੇਖਦੀ ਹੈ ਆਪਣੇ ਹੱਥ ਦੀਆਂ ਤਲੀਆਂ
ਵੱਡੀਆਂ ਹੋਈਆਂ ਹਨ ਥਾਂ-ਥਾਂ ਤੋਂ
ਖਾਲੀ ਵਕਤ ਦੀ ਧਾਰ ਨਾਲ

ਉਦੋਂ ਨਹੀਂ ਸੀ ਇੰਨੀਆਂ ਮੁਲਾਇਮ
ਉਦੋਂ ਇੱਕ ਮੁਕੰਮਲ ਨਾਮ ਹੋਇਆ ਕਰਦਾ ਸੀ ਮਿਸੇਜ਼ ਗੁਪਤਾ
ਦਿਨ ਭਰ ਦੇ ਕੰਮਾਂ ਦੀਆਂ ਛੋਟੀਆਂ-ਛੋਟੀਆਂ ਡੋਰੀਆਂ ਸਨ
ਜਿਸ ਤੇ ਚੜ੍ਹਦੀ-ਉਤਰਦੀ ਸੀ ਮਿਸੇਜ਼ ਗੁਪਤਾ

ਖਾਲੀ ਵਕਤ ਦੇ ਉਸ ਥਾਨ ਨੂੰ
ਕੈਚੀ ਨਾਲ ਕੱਟਣਾ ਚਾਹੁੰਦੀ ਹੈ ਮਿਸੇਜ਼ ਗੁਪਤਾ
ਬਣਾ ਦੇਣਾ ਚਾਹੁੰਦੀ ਹੈ ਇਸ ਦੇ ਛੋਟੇ-ਛੋਟੇ ਰੁਮਾਲ
ਵੰਡ ਦੇਣਾ ਚਾਹੁੰਦੀ ਹੈ ਆਪਣੀ ਬਸਤੀ ਦੀਆਂ ਔਰਤਾਂ ਵਿੱਚ

ਵਾਕਈ ਇੰਝ ਚਾਹੁੰਦੀ ਹੈ ਮਿਸੇਜ਼ ਗੁਪਤਾ
ਕੀ ਖਿਆਲ ਹੈ ਤੁਹਾਡਾ ?

****

## ਪੁੱਤਰ ਮੋਹ

ਬੈਠਕ ਵਿੱਚ ਰੱਖੀ ਮੇਜ਼ ਦੇ ਸ਼ੀਸ਼ੇ ਤੇ
ਦੋ ਤਸਵੀਰਾਂ ਸਜੀਆਂ ਹਨ
ਇਹ ਤਸਵੀਰਾਂ ਮੇਰੇ ਭਰਾਵਾਂ ਦੀਆਂ ਹਨ,
ਇੱਕ ਹੈਦਰਾਬਾਦ ਰਹਿੰਦਾ
ਦੂਜਾ ਦਿੱਲੀ ।

ਪਿਤਾ ਜੀ ਮੇਜ਼ ਤੇ ਘੰਟਿਆਂ ਬੱਧੀ
ਕੰਮ 'ਚ ਰੁੱਝੇ ਦਿਸਦੇ ਹਨ
ਪੈਟਰੋਲ ਪੰਪ ਵਿਕ ਚੁੱਕਿਆ ਹੈ
ਬਾਕੀ ਕਾਰੋਬਾਰ ਪਹਿਲਾਂ ਤੋ ਹੀ ਠੱਪ ਹੈ

ਇਸ ਵੱਡੇ ਘਰ ਵਿੱਚ ਪਿਤਾ ਜੀ ਇੱਕਲੇ ਰਹਿੰਦੇ ਹਨ
ਕੁੜੀਆਂ ਦਾ ਵਿਆਹ ਹੋ ਗਿਆ
ਪਤਨੀ ਸਵਰਗਵਾਸ ਹੋ ਗਈ
ਖਾਣ ਦੇ ਬੇਹੱਦ ਸ਼ੌਕੀਨ ਪਿਤਾ
ਕਈ-ਕਈ ਦਿਨ ਦੁੱਧ-ਬਰੈਡ ਤੇ ਗੁਜ਼ਾਰਾ ਕਰਦੇ ਹਨ
ਯਾਦ ਹੈ ਮੈਨੂੰ ਉਨ੍ਹਾਂ ਨੂੰ ਖਾਣਾ ਪਰੋਸਨਾ
ਘਰ ਵਿੱਚ ਸਭ ਤੋ ਖਾਸ ਕੰਮ ਹੋਇਆ ਕਰਦਾ ਸੀ
ਉਸ ਤੋਂ ਮਗਰੋ ਸਾਰੇ ਚੈਨ ਨਾਲ
ਗੱਲਾਂ ਕਰਦੇ ਖਾਂਦੇ ਸਨ ।

ਮੁੰਡਿਆਂ ਵਿੱਚੋ ਕਦੇ-ਕਦੇ ਕੋਈ ਆਉਂਦਾ ਹੈ
ਆਪਣੇ ਹਿੱਸੇ ਦੇ ਰੁਪਏ ਲੈਣ
ਕੋਈ ਨਹੀਂ ਕਹਿੰਦਾ
ਕਿ ਆਉ ਸਾਡੇ ਪਾਸ ਰਹੋ -

ਸਾਨੂੰ ਖੁਸ਼ੀ ਹੋਵੇਗੀ ।
ਵੱਡੀ ਭੈਣ ਵਿੱਚ-ਵਿੱਚ ਆਉਂਦੀ ਹੈ
ਜਿੰਨਾ ਹੁੰਦਾ ਹੈ ਸਵਾਰ ਕੇ ਜਾਂਦੀ ਹੈ
ਨੌਕਰ ਨੂੰ ਤਨਖਾਹ ਤੋਂ ਅਲੱਗ
ਹੋਰ ਰੁਪਇਆਂ ਦਾ ਲਾਲਚ ਵੀ ਦਿੰਦੀ
ਤਾਕਿ ਰਹੇ ਟਿਕਿਆ ।

ਮੇਰੇ ਮਨ ਵਿੱਚ ਆਇਆ ਕਈ ਵਾਰ
ਮੇਜ਼ ਤੇ ਰੱਖੀਆਂ ਤਸਵੀਰਾਂ ਬਦਲ ਦੇਵਾਂ
ਭਰਾਵਾਂ ਦੀ ਫੋਟੋ ਉਤਾਰ
ਆਪਣੀ ਵੱਡੀ ਭੈਣ ਦੀ ਫੋਟੋ ਲਗਾਵਾਂ
ਪਰ ਜਾਣਦੀ ਹਾਂ ਕਿ
ਪਿਤਾ ਬਰਦਾਸ਼ਤ ਨਹੀਂ ਕਰਨਗੇ -
ਮੇਰੀ ਇਸ ਹਰਕਤ ਨੂੰ
ਗੁੱਸੇ ਹੋਣਗੇ ।
ਹੋਵੇਗੀ ਦੁਖੀ ਭੈਣ
ਕਿ ਪਿਤਾ ਨੂੰ ਹੋਵੇਗੀ ਪੀੜ
ਬਿਨ੍ਹਾਂ ਵਜ੍ਹਾ ਹੀ ਇਸ ਗੱਲ ਤੇ ।

****

# ਮੈਂ ਹਾਂ ਇੱਕ ਔਰਤ

**ਮੂਲ ਲੇਖਿਕਾ: ਸ਼ੁਭਾ**

ਮੈਂ ਹਾਂ ਇੱਕ ਔਰਤ
ਕੌਣ ਕਹਿੰਦਾ ਕਿ ਮੈਂ ਤੀਰਬਾਜ਼ੀ ਸਿੱਖਣਾ ਚਾਹੁੰਦੀ ਹਾਂ

ਮੈਂ ਉਸ ਚਾਲਬਾਜ਼ ਅਤੇ ਦਯਾ ਦੇ ਪਾਤਰ
ਦਰੋਣਾਚਾਰਯ ਦੀ ਮੂਰਤ ਵੀ ਨਹੀਂ ਬਣਾ ਸਕਦੀ
ਕਿਉਕਿ ਉਹ ਇੱਕ ਪੁਰਸ਼ ਹੈ

ਮੈਂ ਇਕਲਵਯ ਵੀ ਨਹੀਂ ਬਣ ਸਕਦੀ
ਕਿਉਕਿ ਮੇਰਾ ਅੰਗੂਠਾ ਮੇਰੇ ਪਤੀ ਦਾ ਹੈ

ਮੈਂ ਸ਼ੰਬਕੂ ਵੀ ਨਹੀਂ ਬਣ ਸਕਦੀ
ਕਿਉਕਿ ਮੈਂ ਤਾਂ ਇੱਕ ਬਲਾਤਕਾਰੀ ਤੋਂ ਗਰਭਿਤ ਹੋਣਾ ਹੈ

ਇਕਲਵਯ ਤੇ ਸ਼ੰਬਕੂ ਮੈਂ ਤੁਹਾਡੇ ਇੱਕਲੇਪਣ ਤੋਂ
ਈਰਖਾ ਕਰਦੀ ਹਾਂ
ਕਿਉਕਿ ਮੈਂ ਇੱਕ ਔਰਤ ਹਾਂ
ਜੋ ਬ੍ਰਾਹਮਣਾਂ ਦੀ ਦੁਨੀਆਂ ਨੂੰ
ਭੰਗ ਕਰਨਾ ਚਾਹੁੰਦੀ ਹਾਂ ।

****

## ਮਾਣ ਕਰਦੇ ਹਾਂ ਅਸੀਂ

ਬਲਾਤਕਾਰੀ ਨਾਂ ਵੀ ਭੱਜ ਚੁੱਕਿਆ ਹੋਵੇ
ਤਾਂ ਵੀ ਕੈਮਰਾ ਫਿਕਸ ਹੈ ਰੋਂਦੀ ਹੋਈ ਔਰਤ ਉੱਤੇ
ਇਹ ਸਾਡੀ ਮਨਪਸੰਦ ਤਸਵੀਰ ਹੈ ਪੀੜ੍ਹੀਆਂ ਤੋ ਤੁਰੀ ਆਉਂਦੀ
ਪਿਆਰੀ ਯਾਦਾਂ ਦਾ ਸਰੋਤ ।

ਅਸੀਂ ਆਪਣੀਆਂ-ਆਪਣੀਆਂ ਭੈਣਾਂ ਦੀ
ਰੱਖਿਆ ਕਰਨ ਦਾ ਵਚਨ ਦਿੱਤਾ ਸੀ
ਆਪਣੀ-ਆਪਣੀ ਔਰਤ ਨੂੰ ਉਸਦੀ ਇੱਜ਼ਤ ਬਚਾਉਣ ਲਈ -
ਲਾਜ਼ ਬਚਾਉਣ ਦਾ ਦਾ ਵਚਨ ਦਿੱਤਾ ਸੀ
ਇਹ ਔਰਤ ਤਾ ਮੇਰੇ ਲਈ ਅਣਜਾਣ
ਪਤਾ ਨਹੀਂ ਕਿਸਦੀ ਭੈਣ ਹੈ
ਫਿਰ ਵੀ
ਰੋਦੀਂ ਹੋਈ ਔਰਤ ਯਾਦ ਕਰਾਉਦੀਂ ਹੈ
ਕਿ ਅਸੀਂ ਔਰਤਾਂ ਦੇ ਰੱਖਿਅਕ ਰਹੇ ਹਾਂ
ਜਿਨ੍ਹਾਂ ਭੈਣਾਂ ਨੇ ਆਤਮਹੱਤਿਆ ਕੀਤੀ
ਉਹ ਵੀ ਇਹੀ ਮੰਨਦੀਆਂ ਸਨ ।

ਅਸੀਂ ਹੀ ਲਿਖੇ ਹਨ
ਔਰਤਾਂ ਦੇ ਵਿਜੋਗ ਦੇ ਗੀਤ
ਬਿਖਰੀਆਂ ਹੋਈਆਂ ਔਰਤਾਂ ਦੀਆਂ ਤਸਵੀਰਾਂ
ਕਿੰਨੀਆਂ ਸਾਨੂੰ ਭਾਉਦੀਆਂ
ਹੋਰ ਕਿੰਨੀਆਂ ਕੁ ਠੀਕ ਹਨ
ਉਹ ਕਵਿਤਾਵਾਂ
ਜਿਨ੍ਹਾਂ ਵਿੱਚ ਅਸੀਂ ਔਰਤਾਂ ਨੂੰ
ਅਸੁਰੱਖਿਅਤ ਦੱਸਦੇ ਹਾਂ
ਯੁੱਧਾਂ ਦੇ ਵਿਚਕਾਰ

ਪਿਤਾ ਤੇ ਪੁੱਤਰਾਂ ਲਈ ਵਿਲਾਪ ਕਰਦੀਆਂ ਔਰਤਾਂ
ਕਿੰਝ ਨਦੀਆਂ ਵਗਦੀਆਂ ਕਰੁਣਾ ਦੇ ਰਸ ਦੀਆਂ
ਸਾਨੂੰ ਆਦਤ ਹੈ ਉਸ ਵਿੱਚ ਇਸ਼ਨਾਨ ਕਰਨ ਦੀ

ਸਾਡੀਆਂ ਬਾਹਵਾਂ ਫਰਕਦੀਆਂ
ਵੀਰ ਰਸ ਦੇ ਜਵਾਲਾਮੁਖੀ ਫੁੱਟਦੇ
ਔਰਤਾਂ ਕਰੁਣ ਰਸ ਨੂੰ ਜਿਵੇਂ ਆਪਣੀ ਬੁੱਕਲ ਵਿੱਚ ਲੈਂਦੀਆਂ
ਕਿੰਨੀ ਮਾਣਮੱਤੀ ਸੰਸਕ੍ਰਿਤੀ ਹੈ ਸਾਡੀ
ਔਰਤਾਂ ਦੀ ਮਮਤਾ
ਅਤੇ ਸਾਡੇ ਹਥਿਆਰ
ਕਿਸ ਤਰ੍ਹਾਂ ਮਹਾਨ ਇਤਿਹਾਸ ਬਣਾਉਂਦੇ ਹਨ
ਇਸਤਰੀਆਂ ਦੇ ਅੱਥਰੂ ਸਾਨੂੰ ਉਸੇ ਤਰ੍ਹਾਂ ਹੀ ਪਸੰਦ ਹਨ
ਜਿਵੇਂ ਸਾਨੂੰ ਆਪਣਾ ਯੋਧਾ ਹੋਣਾ ਤੇ ਮਰਦ ਹੋਣਾ ।

****

## ਹੱਦਾਂ

**ਮੂਲ ਲੇਖਿਕਾ: ਸਨੇਹਮਈ ਚੌਧਰੀ**

ਜਿੱਥੇ ਹੱਦਾਂ ਹੁੰਦੀਆਂ
ਉੱਥੇ ਹੀ ਯੁੱਧ ਹੁੰਦੇ ਹਨ !
ਜਿੱਥੇ ਯੁੱਧ ਹੁੰਦੇ,
ਹੱਦਾਂ ਉੱਥੇ ਹੀ ਹੁੰਦੀਆਂ ਹਨ !

****

## ਕੀਮਤ

ਮੂਲ ਲੇਖਿਕਾ: ਅਰਚਨਾ ਵਰਮਾ

ਜ਼ਿੰਦਗੀ ਵਿੱਚ
ਜਿਹੜੀਆਂ ਬਹੁਤ ਸਾਰੀਆਂ ਗੱਲਾਂ ਨੂੰ
ਉਨ੍ਹਾਂ ਕੀਮਤੀ ਦੱਸਿਆ ਸੀ
ਉਨ੍ਹਾਂ ਦੀ ਕੀਮਤ ਨੂੰ ਪਰਖਣ ਦਾ
ਇੱਕ ਹੀ ਤਰੀਕਾ ਉਨ੍ਹਾਂ ਸਿਖਾਇਆ ਸੀ

ਇੱਕ ਘਰ
ਇੱਕ ਵਰ
ਇੱਕ ਵਾਦਾ
ਇੱਕ ਕੁਲ
ਇੱਕ ਨਾਮ
ਇੱਕ ਮਰਿਆਦਾ
ਬਹੁਤ ਸਾਰੀਆਂ ਉਹ ਚੀਜ਼ਾਂ ਵੀ ਸਨ
ਬੜੀਆਂ-ਬੜੀਆਂ ਕੀਮਤੀ
ਜਿਨ੍ਹਾਂ ਨੂੰ ਅੱਗੇ ਚੱਲ ਮੈਂ ਪਾਉਣਾ ਸੀ
ਪਰ ਜੇ ਉਨ੍ਹਾਂ ਦੀ ਕੀਮਤ ਉਤਾਰਨੀ ਸੀ
ਤਾਂ ਉਸਦਾ ਇੱਕੋ ਹੀ ਪੈਮਾਨਾ ਸੀ
ਕਿ ਮਰਨਾ ਵੀ ਮੈਨੂੰ ਉਨ੍ਹਾਂ ਲਈ ਮਨਜ਼ੂਰ ਹੁੰਦਾ
ਜਾਂ ਫਿਰ ਘੱਟ ਤੋ ਘੱਟ
ਇੰਨਾ ਜ਼ਰੂਰ ਹੁੰਦਾ ਕਿ
ਮਰਨ ਦੀ ਇੱਕ ਬੇਹੱਦ ਹੌਲੀ ਜਿਹੀ ਤੌਰ ਨੂੰ
ਮੈਂ ਜਿਉਣਾ ਆਖ ਸਕਦੀ, ਰਿਸ-ਰਿਸ ਕੇ ਵਹਿੰਦੇ ਜਾਣ ਨੂੰ
ਪੀਣਾ ਸਮਝ ਕੇ, ਆਪਣੇ ਆਪ ਨੂੰ ਆਪੇ ਤੋ ਕੱਟ ਕੇ
ਦੱਸ ਹਜ਼ਾਰ ਟੋਟਿਆਂ ਵਿੱਚ ਵੰਡ ਸਹਿ ਜਾਂਦੀ
ਆਪਣੇ ਟੋਟੇ-ਟੋਟੇ ਹੋਏ ਵਜ਼ੂਦ ਨੂੰ
ਬਹੁਮੁਖੀ ਹੋਣ ਦਾ ਅਪਮਾਨ ਜਾਂ

ਇੱਕ ਦੋਹਰੀ ਬੇਈਮਾਨ ਜ਼ਿੰਦਗੀ ਨੂੰ ਦੇ ਜਾਂਦੀ
ਉਨ੍ਹਾਂ ਅਨੁਸਾਰ ਹੋਣ ਦੀ ਕਾਬਲੀਅਤ ਦਾ ਨਾਓ
ਉਨ੍ਹਾਂ ਦਾ ਇਹ ਇਰਾਦਾ ਤਾਂ ਸ਼ਾਇਦ ਨਾ ਹੋਵੇਗਾ
ਪਰ ਪਤਾ ਹੀ ਨਹੀਂ ਕਿਵੇਂ
ਜਲਦੀ ਹੀ ਮਰ ਜਾਣ ਦੇ ਅਨੇਕਾਂ ਕਾਰਣਾਂ
ਦਾ ਕੀਮਤੀ ਢੇਰ ਲੱਗ ਗਿਆ
ਜਿਉਣ ਲਈ ਲੱਭਣਾ ਪਿਆ
ਇੱਕ ਛੋਟਾ ਜਿਹਾ, ਸਸਤਾ ਜਿਹਾ ਕਾਰਣ ।

ਮੇਰਾ ਇਰਾਦਾ ਤਾਂ ਉੱਕਾ ਹੀ ਨਹੀਂ ਸੀ
ਪਰ ! ਪਤਾ ਨਹੀਂ ਇਹ ਕਿੰਝ ਹੋਇਆ ਕਿ
ਜੋ ਮੈਂ ਹਾਂ, ਉਹੀ ਹੋ ਜਾਣ ਦੀ ਇੱਛਾ –
ਉਨ੍ਹਾਂ ਦੇ ਉਸ ਢੇਰ ਤੋਂ ਵੱਡੀ ਹੋ ਗਈ
ਸੱਚ ਹੀ, ਇਹ ਮੈਂ ਨਹੀਂ
ਉਨ੍ਹਾਂ ਹੀ ਕੀਤਾ ਕਿ
ਇੱਕ ਵਿਚਾਰੀ ਜਿਹੀ ਜਾਨ
ਇੱਕ ਵੱਡੇ ਪਹਾੜ ਖਿਲਾਫ਼ ਖੜ੍ਹੀ ਹੋ ਗਈ ।

ਇੰਝ ਨਾ ਹੋਇਆ ਹੁੰਦਾ ਤਾਂ
ਦੌੜ ਕੇ ਉਸ ਪਹਾੜ ਤੇ ਚੜ੍ਹੀ ਹੁੰਦੀ
ਪਹਾੜ ਦੀ ਟੀਸੀ ਦੇ ਨਾਓ
ਆਪਣੀ ਜ਼ਿੰਦਗੀ ਮੜੀ ਹੁੰਦੀ ।

ਪਰ ਇੰਝ ਹੋਇਆ ਕਿ
ਦੰਦਾਂ ਨਾਲ ਉਸ ਪਹਾੜ ਨੂੰ ਸੇਂਧ ਲਾ ਲਈ
ਟੀਸੀ ਤੇ ਮੂੰਹ ਚੜ੍ਹਾਇਆ
ਅਤੇ ਆਪਣੇ ਧਰਤ ਤੇ
ਸੁਰੰਗਾਂ ਵਿਛਾ ਦਿੱਤੀਆਂ ।

# ਸ਼ਾਇਰ ਔਰਤ

**ਮੂਲ ਲੇਖਿਕਾ : ਭੁਪਿੰਦਰ ਕੌਰ 'ਪ੍ਰੀਤ'**
**ਲੇਖਿਕਾ ਵੱਲੋ ਅਨੁਦਿਤ**

ਸ਼ਾਇਰ ਔਰਤ
ਲਿਖ ਰਹੀ ਹੈ
ਨਜ਼ਮ ਮੁਹੱਬਤ ਦੀ

ਮੁਹੱਬਤੀ ਛਿਣਾਂ ਨੂੰ ਯਾਦ ਕਰਦੀ
ਜੜ੍ਹ ਰਹੀ
ਸ਼ਬਦ-ਸ਼ਬਦ
ਤਾਲ-ਤਾਲ
ਕੋਈ ਓਹਲਾ ਨਹੀਂ

ਰੋ ਪਿਆ ਹੈ ਬਾਲ
ਭਰ ਆਈਆਂ ਛਾਤੀਆਂ
ਦੇ ਰਹੀ ਹੁਣ ਦੁੱਧ
ਰਿਧਮ ਵਿੱਚ
ਮਾਂ ਤੇ ਬਾਲ
ਸ਼ਬਦ-ਸ਼ਬਦ
ਤਾਲ-ਤਾਲ
ਕੋਈ ਓਹਲਾ ਨਹੀਂ

****

## ਮੇਰੇ ਮੁਲਕ ਦੇ ਲੋਕ

ਮੇਰੇ ਮੁਲਕ ਦੇ ਲੋਕ
ਕਾਫ਼ਿਲੇ ਬਣਾਉਂਦੇ
ਮੋਮਬੱਤੀਆਂ ਜਗਾਉਂਦੇ
ਰੋਸ ਜਤਾਉਂਦੇ
ਨਿਕਲ ਆਉਂਦੇ ਸੜਕਾਂ ਤੇ
ਨਿਆਂ ਦੀ ਮੰਗ ਕਰਦੇ
ਮੁੱਕ ਗਈ ਉਸ ਔਰਤ ਲਈ ।

ਮੇਰੇ ਮੁਲਕ ਦੇ ਲੋਕ
ਨਹੀਂ ਤਕਦੇ
ਉਸ ਔਰਤ ਵੱਲ
ਜੋ ਬਲਾਤਕਾਰ ਹੋਣ ਮਗਰੋਂ
ਰੌਂਦੀ ਕੁਰਲਾਉਦੀ
ਚੌਰਸਤੇ ਵਿੱਚ
ਨਿਬਸਤਰ ਹੋ
ਦੁਹਾਈਆਂ ਪਾਉਂਦੀ ,
ਗੂੰਗੇ ਬੋਲੇ ਲੋਕ
ਜਿਉਦੀ ਔਰਤ ਨੂੰ
ਤਮਾਸ਼ੇ ਵਾਂਗ ਤਕਦੇ
ਘਰਾਂ ਨੂੰ ਮੁੜਦੇ
ਆਪਣੇ ਘਰ ਦੇ ਬੂਹੇ ਕਸ ਕੇ ਬੰਦ ਕਰਦੇ ।

ਇਸ ਮੁਲਕ ਦੀ ਔਰਤ ਨੂੰ ਨਿਆਂ ਲੈਣ ਲਈ
ਪਹਿਲਾਂ ਮਰਨਾ ਪੈਂਦਾਂ
ਫਿਰ ਵੀ ਪਤਾ ਨਹੀਂ
ਧੂੰਆਂ ਉੱਠੇ ਨਾ ਉੱਠੇ
ਕਾਫ਼ਿਲਾ ਬਣੇ ਨਾ ਬਣੇ ।

# ਮਰਦ ਤੇ ਔਰਤਾਂ

ਮਰਦ ਅਕਸਰ
ਗੱਲਾਂ ਕਰਦੇ ਹਨ
ਆਪਣੀਆਂ ਮਹਿਫ਼ਲਾਂ 'ਚ
ਗ਼ੈਰ ਔਰਤਾਂ ਦੀਆਂ

ਔਰਤਾਂ
ਆਪਣੀਆਂ ਮਹਿਫ਼ਲਾਂ 'ਚ
ਗੱਲਾਂ ਕਰਦੀਆਂ ਹਨ
ਆਪਣੇ ਹੀ ਮਰਦਾਂ ਦੀਆਂ

ਮਰਦ ਤੇ ਔਰਤਾਂ ਜਦ
ਰਲ ਬੈਠਦੇ
ਤਾਂ ਵਿਚਕਾਰ
ਚੁੱਪ ਆ ਵਾਪਰਦੀ
ਹੋਰ ਸੁਣਾਓ ਤੇ ਗੱਲ ਆ ਟਿਕਦੀ

ਇਸ ਹੋਰ ਨੂੰ ਅੱਗੇ ਤੋਰਨ ਲਈ
ਇਸ ਚੁੱਪ ਦਾ ਮੂੰਹ ਖੋਲ੍ਹਣ ਲਈ
ਮਰਦ ਗੱਲ ਕਰਦੇ ਹਨ
ਨੌਕਰੀ ਜਾਂ ਕਾਰੋਬਾਰ ਦੀ
ਔਰਤਾਂ ਗੱਲ ਕਰਦੀਆਂ ਹਨ
ਘਰ ਜਾਂ ਪਰਿਵਾਰ ਦੀ

ਮਰਦ ਅਕਸਰ ਗੱਲਾਂ ਕਰਦੇ ਨੇ।

****

## ਮੇਰੀ ਸਹੇਲੀ

ਬਾਲ ਸਾਂ
ਮੇਰੀ ਸਹੇਲੀ ਆਖਦੀ
ਮੇਰੀ ਮਾਂ ਅੱਜ ਘਰ ਨਹੀਂ
ਮੈਂ ਤੇਰੇ ਘਰ ਹੀ ਸੌਣਾਂ

ਮੈਂ ਮੱਤ ਦੇਣੀ
ਤੇਰੀ ਮਾਂ ਅੱਜ ਘਰ ਨਹੀਂ
ਤੂੰ ਆਪਣੇ ਘਰ ਹੀ ਰਹੁ
ਆਪਣੇ ਘਰ ਦੀ ਰਾਖੀ ਬਹੁ
ਮੈਂ ਮੱਤ ਦੇਣੀ

ਸਹੇਲੀ ਦੀਆਂ ਅੱਖਾਂ
ਖੌਫ਼ ਨਾਲ ਸਨ ਭਰ ਆਉਂਦੀਆਂ
ਮੇਰੇ ਕੰਨ ਪਾਸ ਬਾਤ ਸੁਣਾਉਂਦੀਆਂ
"ਜਦ ਮਾਂ ਘਰ ਨਹੀਂ ਹੁੰਦੀ
ਮੈਨੂੰ ਆਪਣੇ ਬਾਪ ਦੀਆਂ
ਅੱਖਾਂ ਤੋਂ ਬਹੁਤ ਡਰ ਲੱਗਦਾ।
ਬੱਤੀ ਬੁਝਾਨੀ ਹਾਂ ਤਾਂ ਬਾਪ ਮੇਰਾ
ਰਾਤ ਸਾਰੀ ਓਪਰੇ ਜਿਹੇ ਖਘੂੰਰੇ ਭਰਦਾ"
ਮੇਰੇ ਬਾਲ ਮਨ ਨੂੰ ਉਦੋਂ ਸਮਝ ਨਹੀਂ ਸੀ ਆਉਂਦਾ
ਇਹ ਆਪਣੇ ਹੀ ਬਾਪ ਤੋਂ ਕਿਉਂ ਡਰਦੀ ਹੈ
ਬਾਤ ਸੁਣਾਉਦਿਆਂ ਅੱਖਾਂ ਕਿਉਂ ਭਰਦੀ ਹੈ
ਮੇਰੇ ਬਾਲ ਮਨ ਨੂੰ ਸਮਝ ਨਹੀਂ ਸੀ ਆਉਂਦਾ

ਹੁਣ ਉਹੀ ਸਹੇਲੀ ਰੋਜ਼ ਮੇਰੇ ਸੁਪਨੇ ਵਿੱਚ ਆਉਂਦੀ ਹੈ
ਆਪਣੀ ਬਾਤ ਸੁਣਾਉਂਦੀ ਹੈ

****

## ਉਜਾੜਾ

ਮੂਲ ਲੇਖਿਕਾ: ਕਮਲ ਕੁਮਾਰ

ਪੁੱਲ ਟੁੱਟ ਗਿਆ ਹੈ
ਹੜ ਦੇ ਆਉਣ ਤੋਂ ਨਹੀਂ
ਉਹ ਖੁੱਲ੍ਹੇ ਹੋਏ ਸੂਟਕੇਸ ਦੇ ਸਾਹਮਣੇ ਖੜ੍ਹਾ ਹੈ
ਉਸਦੀ ਅੱਖ ਦਾ ਲਾਲਚ ਪਰਖ ਰਿਹਾ ਹੈ ।

ਉਹ ਖੁੱਲ੍ਹੇ ਹੋਏ ਸੂਟਕੇਸ ਦੇ ਸਾਹਮਣੇ ਖੜ੍ਹਾ ਹੈ
ਹੋਰ ਕੀ ਹੈ ਜੋ ਲੈ ਕੇ ਜਾ ਰਹੀ ਹੈਂ ?
ਘਰ ਜਾਂ ਜ਼ਮੀਨ ਦੇ ਕਾਗਜ਼, ਗਹਿਣੇ,
ਪਿਤਾ ਦੀ ਵਸੀਅਤ ਦੀ ਕਾਪੀ ?

ਉਹ ਹੈਰਾਨ ਸੀ, ਬੁੱਤ ਬਣ ਗਿਆ ਸੀ
ਕੀ ਲੈ ਜਾ ਰਹੀ ਉਹ ! ਨਹੀਂ ਪਤਾ
ਬਦਬੋ ਵਿੱਚ ਡੁੱਬੀ ਖੁਸ਼ਬੋ
ਦੁੱਖ ਵਿੱਚ ਡੁੱਬੀਆਂ ਯਾਦਾਂ।
ਧੂੰਆਂ – ਪਖੰਡ
ਜਿਮੀਦਾਰਾਂ ਜਾਲਮਪੁਣੇ ਕਾਰਣ
ਆਤਮਾ ਤੇ ਪਏ ਜਖਮਾਂ ਦੇ
ਭਰੇ ਨਹੀਂ ਜੋ ਨਿਸ਼ਾਨ।

ਬੁੱਕਲ ’ਚ ਚਿੰਬੜੇ ਬੱਚੇ ਦਾ ਡਾਵਾਂਡੋਲ ਭਵਿੱਖ
ਤਹਿਸ਼-ਨਹਿਸ਼ ਕੀਤੇ ਆਲ੍ਹਣੇ ਦੇ ਤੀਲੇ
ਘਰ ਦੀ ਰੋਸ਼ਨੀ ਤੋਂ ਚੁਣੀਆਂ ਕੁਝ ਟਿਮਕਣਾਂ
ਲੋਰੀਆਂ ਅਤੇ ਗੀਤਾਂ ਦੀ ਪਿਘਲ ਗਈ ਰਿਧਮ
ਘਰ ਦੇ ਹਰ ਕੋਨੇ ਵਿੱਚ ਕੰਧਾਂ, ਦਰਵਾਜ਼ੇ, ਬਾਰੀਆਂ ਵਿੱਚ
ਸੁੰਘੜ ਕੇ ਬੈਠਾ ਇਤਿਹਾਸ

ਵੱਸਣ ਤੇ ਉਜੜਨ ਦੇ ਵਿਚਕਾਰ ਦੀ ਚੁੱਪ
ਮਿਲੇ ਨਾ ਮਿਲੇ ਫਿਰ ਇਹ ਸੰਜੋਗ
ਤਰਲ ਹੋਏ ਔਪਰੇਪਣ ਦੇ ਵਿੱਚ
ਕੀਤਾ ਸੀ ਕੱਠਾ ਜਲਦੀ ਹੀ ਆਪਣੀ ਨਜ਼ਰ ਨੂੰ
ਆਪਣੇ ਅੰਦਰ ਦੀ ਔਰਤ ਨੂੰ ।

ਤਲਾਸ਼ੀ ਲਈ ਕੁਝ ਨਹੀਂ ਤਾਂ,
ਰੁਖਸਤ ਹੋ ਸਕਦੀ ਹੈ ।
ਹੁਣ ਗ੍ਰੀਨ ਚੈਨਲ ਤੋ ਨਿਕਲ ਸਕਦੀ ਹੈ
ਸਾਰੇ ਚੁੱਪ ਅਤੇ ਸ਼ਾਂਤ ਹਨ

ਦੇਸ਼ ਮਨਾ ਰਿਹਾ ਉਜੜੇ ਹੋਇਆ ਲਈ
ਇੱਕ ਵਿਸ਼ੇਸ ਦਿਨ, ਉਨ੍ਹਾਂ ਦੀ ਪੀੜ ਨਾਲ ਜੁੜਿਆ
ਹੜ੍ਹ, ਭੂਚਾਲ, ਸੁੱਕੇ, ਦੰਗਿਆਂ ਅਤੇ ਲੜਾਈਆਂ ਤੋ ਬਿਨਾਂ –
ਵੀ ਔਰਤਾਂ ਹੋ ਜਾਂਦੀਆਂ ਹਨ ਘਰ ਤੋ ਬੇਘਰ

ਨਾ ਕੈਂਪ ਲੱਗਦੇ ਹਨ, ਨਾ ਰਾਸ਼ਨ
ਨਾ ਪਾਣੀ, ਨਾ ਡਾਕਟਰੀ ਸਹੂਲਤ
ਝੱਲਦੀਆਂ ਹਨ ਔਰਤਾਂ, ਬੇਦਖਲ ਹੋਣ ਦੀ ਪੀੜ
ਘਰਾਂ ਦੇ ਅੰਦਰ
ਘਰਾਂ ਦੇ ਬਾਹਰ ।

****

# ਇਹ ਸਮਾਂ ਸਭ ਤੋ ਔਖਾਂ ਸਮਾਂ ਨਹੀਂ

**ਮੂਲ ਲੇਖਿਕਾ: ਜਯਾ ਜਾਏਦਵਾਨੀ**

ਨਹੀਂ ਇਹ ਸਮਾਂ ਸਭ ਤੋਂ ਔਖਾ ਸਮਾਂ ਨਹੀਂ
ਹਾਲੇ ਵੀ ਚਿੜੀ ਦੀ ਚੁੰਝ ਵਿੱਚ ਹੈ ਤੀਲਾ
ਉਹ ਉੱਡਣ ਦੀ ਤਿਆਰੀ ਵਿੱਚ ਹੈ ।
ਹਾਲੇ ਵੀ ਪੱਤੀਆਂ ਤੋਂ ਟਪਕ ਰਿਹਾ ਹੈ ਪਾਣੀ
ਟਪਕਦੇ ਪਾਣੀ ਨੂੰ ਛੂਹਣ ਲਈ ਤਿਆਰ ਹੈ ਇੱਕ ਤਲੀ

ਹਾਲੇ ਵੀ ਭੀੜ ਹੈ ਸਟੇਸ਼ਨ ਤੇ
ਹਾਲੇ ਵੀ ਰੇਲਗੱਡੀ ਜਾਂਦੀ ਹੈ – ਆਪਣੀ ਮੰਜ਼ਿਲ ਤੀਕ
ਜਿੱਥੇ ਕੋਈ ਕਰ ਰਿਹਾ ਹੁੰਦਾ ਹੈ ਉਡੀਕ

ਹਾਲੇ ਵੀ ਕੋਈ ਕਹਿੰਦਾ ਹੈ ਕਿਸੇ ਨੂੰ
ਜਲਦੀ ਆ ਜਾਵੋ, ਸੂਰਜ ਡੁੱਬਣ ਵਾਲਾ ਹੈ

ਹਾਲੇ ਵੀ ਸੁਣਾਇਆ ਜਾਂਦਾ ਹੈ
ਉਸ ਕਹਾਣੀ ਦਾ ਆਖਰੀ ਹਿੱਸਾ
ਜਿਸਨੂੰ ਬੁੱਢੀ ਨਾਨੀ ਸੁਣਾ ਰਹੀ ਹੈ ਸਦੀਆਂ ਤੋ
ਦੁਨੀਆਂ ਦੇ ਤਮਾਮ ਬੱਚਿਆਂ ਨੂੰ ।

ਹਾਲੇ ਵੀ ਲੈਣ ਆਉਦੀ ਹੈ ਇੱਕ ਬੱਸ
ਪੁਲਾੜ ਤੋ ਪਾਰ ਦੀ ਦੁਨੀਆਂ ਤੋਂ
ਲੈ ਕੇ ਆਉਦੀ ਬਚੇ ਹੋਏ ਲੋਕਾਂ ਦੀ ਖ਼ਬਰ
ਨਹੀਂ ਇਹ ਸਮਾਂ ਸਭ ਤੋ ਔਖਾ ਸਮਾਂ ਨਹੀਂ ।

****

## ਉਦਾਸ ਕੁੜੀ

ਮੂਲ ਲੇਖਿਕਾ: ਇੰਦੂ ਜੈਨ

ਉਹ ਉਦਾਸ ਕੁੜੀ
ਹੱਸਦੀ ਵੀ ਹੈ ਤਾਂ ਆਪਣੀ ਉਦਾਸੀ ਵਿੱਚ
ਪੁੰਗਰੇ ਬੀਅ ਨੂੰ –
ਪਾਣੀ ਲਈ ਤਰਸਾਉਂਦੀ ਹੋਈ
ਜਿਉਣ ਲਈ ਹੋਰਾਂ ਵੱਲ ਤੱਕਦੀ
ਹਵਾ ਤੋਂ ਵੀ ਬਚਦੀ
ਉਹ ਇੱਕ ਉਦਾਸ ਲੜੀ ਹੈ
ਬਹੁਤ ਹੀ ਉਦਾਸ ਕੁੜੀਆਂ ਦੀ ਸਤਰ ਵਿੱਚ ।

ਅੱਕੀ ਹੋਈ ਹਵਾ ਨੂੰ ਪੀਂਦੀ
ਸਭ ਕੁਝ ਕਰਦੀ
ਜਿਵੇਂ ਬੇਮਨੇ ਜਿਹੇ ਮਨ ਨਾਲ
ਸਾਹਮਣੇ ਖੜ੍ਹੀ ਕੰਧ ਉੱਤੇ
ਦੂਜੇ ਦੀ ਬਣਾਈ ਤਸਵੀਰ ਸਜਾਉਂਦੀ
ਹਰ ਖੜਕੇ ਤੋਂ ਡਰਦੀ
ਬੋਲ਼ੀ ਜਿਹੀ ਬਣੀ ਕੁੜੀ
ਸੁਣਦੀ ਹੀ ਨਹੀਂ ਆਪਣੇ ਅੰਦਰ ਵੱਜਦਾ ਢੋਲ
ਬੁਰਾ ਲੱਗਦਾ ਹੈ ਉਸਨੂੰ ਸ਼ੋਰ ।

ਕੋਈ ਆਉਂਦਾ ਤਾਂ
ਉਡੀਕ ਕਰਦੀ ਉਸਦੇ ਜਾਣ ਦੀ
ਕਿ ਉਹ ਕਦ ਜਾਵੇ
ਤੇ ਉਹ ਮੁੜ ਸਕੇ ਆਪਣੀ ਉਦਾਸੀ ਵਿੱਚ ਫ਼ਿਰ
ਚੁੱਕ ਸਕੇ ਅਖਬਾਰ
ਇੱਕ ਪਰਦੇ ਵਾਂਗ
ਆਪਣੇ ਤੇ ਆਪਣੇ ਵਿਚਕਾਰ

ਜਦੋਂ ਤੱਕ ਉਹ ਉਦਾਸ ਰਹਿੰਦੀ
ਮਸ਼ੀਨ ਚੰਗੀ ਤਰ੍ਹਾਂ ਚੱਲਦੀ
ਪਾਣੀ ਦਾ ਘੁੱਟ ਭਰਦਿਆਂ
ਡੋਲਣ ਲੱਗਦੇ ਪੈਰ
ਪੈਰਾਂ ਨੂੰ ਡੋਲਣ ਤੋ ਬਚਾਉਣ ਲਈ
ਖੁਸ਼ਕ ਕਰ ਲੈਂਦੀ ਉਹ ਆਪਣਾ ਹਰ ਪੁਰਜ਼ਾ
ਮੁੜ ਪੈਂਦੀ
ਫਿਰ ਆਪਣੇ ਹੀ ਘੁਰਨੇ ਵਿੱਚ
ਸੁਰੱਖਿਅਤ, ਠਹਿਰੀ ਹੋਈ, ਸਮਝਦਾਰ ਕੁੜੀ ।

****

## ਔਰਤ

**ਮੂਲ ਲੇਖਿਕਾ: ਕੁਸੁਮ ਕੁਮਾਰ**

ਔਰਤ ਜਾਤ ਹੈ
ਘੱਟ ਬੋਲਣਾ
ਕਿਸੇ ਦੀ ਗੱਲ ਨਹੀਂ ਟੋਕਣਾ
ਹੱਸਣਾ ਨਹੀਂ ਢਿੱਡ ਫੜ ਕੇ
ਚੁੱਪ ਰਹਿ ਤੁਰਨਾ-ਤੱਕਣਾ
ਉਸ ਭਰੇ ਮੇਲੇ ਨੂੰ।
ਔਰਤ ਹੈ ਤਾਂ - ਜੋ ਘੱਟ ਗਿਆ
ਉਸਨੂੰ ਸੰਭਾਲਣਾ
ਅੱਜ ਦੀ ਤਰੀਕ
ਤੇ ਸਮੇਂ ਨੂੰ ਹੌਲੀ ਜਿਹੇ ਗੁਜ਼ਾਰ ਲੈਣਾ
ਸਿਰ ਚੁੱਕਣ ਲਈ
ਸੱਚ ਬੋਲਣ ਲਈ ਪਈ ਹੈ ਉਮਰ
ਕਿਤਾਬਾਂ ਦੇ ਤਾਂ ਦਿਨ ਚਾਰ ਹੀ ਹੁੰਦੇ
ਰਾਤ ਹੋ ਜਾਵੇਗੀ ਮੇਰੀ ਬੱਚੀ !
ਵਿਹੜੇ ਦੇ ਕੰਢੇ ਕੱਢਦਿਆਂ
ਇੱਕ ਹੋਰ ਰਾਤ -
ਔਰਤ ਹੈ .....
ਔਰਤ ਪਹਿਲਾਂ
ਰੱਸਿਆਂ ਨਾਲ ਬੰਨ੍ਹੀ
ਫਿਰ ਬੱਚਿਆਂ ਨਾਲ
ਫਿਰ ਪੁਰਾਣੇ ਹੁੱਕੇ
ਤਪ ਰਹੇ ਤਾਂਬੀਏ ਨਾਲ
ਤਪਦੇ ਲੋਹੇ ਨਾਲ
ਮਾਂ ਦੀ ਯਾਦ
ਗਾਂ ਦਾ ਥਣ

ਪਰਾਤ ਦੇ ਆਟੇ
ਭੈਣਾਂ ਦੀ ਬਾਤ
ਡਿਓੜੀ ਦੀ ਮਿੱਟੀ
ਗਲ 'ਚ ਪਏ ਧੁਖਦੇ ਕੋਲੇ ਨੂੰ
ਨਹੀਂ ਜਾਣਿਆ ਔਰਤ ਨੂੰ ਕਿਸੇ ।
ਆਪਣੀਆਂ ਭੈਣਾਂ ਸਾਥ
ਕੋਈ ਪਤੰਗ ਕੱਟਣੀ ਰੰਗ-ਬਿਰੰਗੀ
ਬਹੁਤ ਚੰਗੀ, ਬਹੁਤ ਚੰਗੀ
ਉਸਦਾ ਸਾਰਾ ਕੁਝ, ਰਬੜ ਦੀ ਚੱਪਲ
ਪਿੱਤਲ ਦੀ ਅੰਗੂਠੀ
ਕੱਚ ਦੀਆਂ ਚੂੜੀਆਂ
ਪਾਥੀਆਂ ਦੇ ਗੀਰੇ ਨੂੰ
ਬਹੁਤ ਚੰਗਾ ਕਹਿਣਾ ਸਿੱਖ ਗਈ ਹੈ ਔਰਤ

****

## ਪੀੜ੍ਹੀਆਂ

**ਮੂਲ ਲੇਖਿਕਾ: ਸੁਨੀਤਾ ਜੈਨ**

ਦਾਦੀ ਦੇ ਮੱਥੇ ਤੇ
ਕੰਘੀ ਕਰਦਿਆਂ ਹੀ
ਖਿੜ ਉੱਠਦੇ ਸਨ
ਦੋ ਫੁੱਲ ਕੇਸਾਂ ਦੇ
ਬਿਲਕੁਲ ਸਫ਼ੇਦ ਕਪਾਹ ਵਰਗੇ

ਬਾਕੀ ਦੇ ਮੁਲਾਇਮ ਕੇਸ ਅਧਪੱਕੇ
ਝੂਟਦੇ ਸਨ ਉਸਦੀ ਗੁੱਤ ਵਿੱਚ
ਕਮਰ ਦੇ ਹੇਠਾਂ,
ਗੁੱਤ ਕਦੇ ਮਾਂ ਕਰਦੀ
ਕਦੇ ਕੋਈ ਔਰਤ ਘਰ ਦੀ,
ਦਾਦੀ ਮਾਂ ਬੈਠੀ ਰਹਿੰਦੀ ਪੈਰ ਪਸਾਰ ਕੇ
ਰੋਜ਼ ਸਿਰ ਦੀ ਮਾਲਿਸ਼ ਕਰਵਾਉਦੀ ।

ਉਸਦੀ ਗੁੱਤ ਵਿੱਚ ਜਿੰਨੇ ਵਾਲ ਸਨ
ਉਨ੍ਹੇ ਹੀ ਉਲਾਂਭੇ ਸਨ ਮੂੰਹ ਵਿੱਚ ਉਸਦੇ
ਝਿੜਕਦੀ ਉਹ ਸਾਨੂੰ ਦੁਪੱਟਾ ਨਾ ਚੰਗੀ ਤਰ੍ਹਾਂ ਲੈਣ ਤੇ
ਕੁੜ-ਕੁੜ ਕਰਦੀ ਪਿਤਾ ਦੇ ਦੇਰ ਤੋਂ ਘਰ ਆਉਣ ਤੇ
ਲੂਣ ਛਿੜਕਦੀ ਮਾਂ ਦੀਆਂ
ਅਣਗਿਣਤ ਗਲਤੀਆਂ ਤੇ ।

ਪੋਤਿਆਂ ਨੂੰ ਵੇਖ
ਖਿੜ ਉਸਦਾ ਉਸਦਾ ਪੋਪਲਾ ਮੂੰਹ
ਕੱਟੇ ਹੋਏ ਅਨਾਰ ਵਰਗਾ ।

ਇੱਧਰ ਆ –
ਤੇਰੇ ਲਈ ਸਾਂਭ ਕੇ ਰੱਖਿਆ ਹੈ
ਚੂਰਮਾ ਪਿੰਨੀਆਂ ਗਾਜਰ ਦਾ ਹਲਵਾ

ਉਸ ਵੇਲੇ ਸੋਨੇ ਦੀ ਪੌੜੀ ਤੇ ਚੜ੍ਹੀ ਹੁੰਦੀ ਦਾਦੀ
ਸੱਤਵੇਂ ਅਸਮਾਨ ਤੇ

ਦਾਦੀ ਦੀ ਉਮਰ ਵਿੱਚ ਆਉਂਦਿਆਂ ਆਉਂਦਿਆਂ
ਕਟਵਾ ਦਿੱਤੇ ਮਾਂ ਨੇ ਆਪਣੇ ਚਿੱਟੇ ਹੁੰਦੇ ਕੇਸ
ਕੋਈ ਨੀ ਉਸਦੀ ਗੁੱਤ ਗੁੰਦਣ ਵਾਲਾ
ਮਾਂ ਦੇ ਹੱਥ ਪਿੱਠ ਤੱਕ ਨਹੀਂ ਜਾਂਦੇ ਸਨ

ਮਾਂ ਦੇ ਮੂੰਹ ਵਿੱਚ ਉਲਾਂਭੇ ਨਹੀਂ ਸਨ
ਉਹ ਦਿੰਦੀ ਰਹਿੰਦੀ ਘਰੇਲੂ ਨੁਸਖੇ
ਸਵੈਟਰਾਂ ਦੇ ਡਿਜ਼ਾਇਨ
ਕਦੇ-ਕਦਾਈ ਸਲਾਹ ਵੀ ਦੇ ਦਿੰਦੀ

ਮਾਂ ਦੀ ਉਮਰ ਤੱਕ ਆਉਂਦਿਆਂ ਆਉਂਦਿਆਂ
ਸਾਡੇ ਕੇਸ ਹੀ ਨਹੀਂ ਹਨ
ਮੁਲਾਇਮ, ਚਮਕਦੇ, ਝੜ ਗਏ ਹਨ ਬਹੁਤੇ
ਫੈਸ਼ਨ ਦੇ ਡਿਜ਼ਾਇਨ ਬਣਾਉਂਦਿਆਂ – ਰੰਗਾਉਂਦਿਆਂ
ਸਾਡੇ ਮੱਥੇ ਤੇ ਨਹੀਂ ਖਿੜਦੇ ਫੁੱਲ
ਨਵੀਂ ਨਰੋਈ ਕਪਾਹ ਵਰਗੇ

ਸਾਡੇ ਕੋਲ ਉਲਾਂਭੇ ਵੀ ਨਹੀਂ ਹਨ
ਨਾ ਹੀ ਮਾਂ ਦੇ ਨੁਸਖੇ
ਅਸੀਂ ਚੁੱਪ ਬੈਠੀਆਂ ਹਾਂ
ਆਪਣੇ-ਆਪਣੇ ਘਰਾਂ ਅੰਦਰ ।

****

# ਉਹ ਆਉਂਦੀਆਂ ਸਨ

ਕੁੜੀਆਂ ਦੀ ਔਖਿਆਈ ਕੁਝ ਇੰਝ ਵੀ ਸੀ
ਉਹ ਤੱਕ ਨਹੀਂ ਸਨ ਸਕਦੀਆਂ
ਬੁੱਢੀ ਕੱਲੀ ਮਾਂ ਦੇ ਪਾਸ
ਘਰ ਦੇ ਸੌਦੇ ਦਾ ਨਾ ਹੋਣਾ
ਬਿਜਲੀ ਦੇ ਬਿੱਲ ਦਾ ਬਕਾਇਆ ਹੋਣਾ
ਕੱਪੜਿਆਂ ਦਾ ਬੇਰੰਗ ਹੋ ਗਿਆ ਹੋਣਾ ।

ਉਹ ਆਉਂਦੀਆਂ ਸਨ ਭਾਵੇਂ
ਕਦੇ ਕਦੇ, ਲੁਕ-ਲੁਕਾ ਕੇ
ਕਦੇ ਦੋ ਚਾਰ ਦਿਨ
ਕਦੇ ਪੰਜ-ਛੇ ਦਿਨ ਮਗਰੋ
ਬਣਵਾ ਦਿੰਦੀਆਂ ਉਹ ਮਾਂ ਦੇ ਟੁੱਟ ਗਏ ਦੰਦ
ਤਿਉਹਾਰਾਂ ਤੋ ਪਹਿਲਾਂ ਘਰ ਦੇ ਜਾਲੇ ਲੁਹਾ ਦਿੰਦੀਆਂ

ਸਮਝਾਉਦੀਆਂ ਮਾਂ ਨੂੰ ਉਹ ਦੁੱਖ ਨਾ ਕਰੇ
ਇਹ ਤਾਂ ਹੁੰਦਾ ਹੈ - ਹਰ ਘਰ ਵਿੱਚ
ਕੁੜੀਆਂ ਅੱਥਰੂ ਪੂੰਝ ਲੈਂਦੀਆਂ ਆਪਣੇ
ਲੁਕ ਕੇ ਮੁੜਨ ਵੇਲੇ
ਕਹਿੰਦੀਆਂ ਮਨ ਹੀ ਮਨ
"ਮਾਏ ਤੂੰ ਮਰ ਕਿਉਂ ਨਹੀਂ ਜਾਂਦੀ
ਕਿਉਂ ਬੈਠੀ ਹੈ .....
ਕੀ ਮਿਲਣਾ ਹੈ ਸਿਵਾ ਬੇਇੱਜ਼ਤੀ ਦੇ"
ਉਪਰੋ ਉਪਰੋ ਆਖਦੀਆਂ ਹੱਸ ਕੇ
ਲੈ ਲਈ ਦਵਾਈ ਸਮੇਂ ਤੇ
ਆਵਾਂਗੀ ਜਲਦੀ ਹੀ - ਕਾਲਿਜ ਵਿੱਚ ਛੁੱਟੀਆਂ ਹੁੰਦੇ ਹੀ ।

****

## ਸੱਤ ਭਰਾਵਾਂ ਦੇ ਵਿੱਚ ਚੰਪਾ

**ਮੂਲ ਲੇਖਿਕਾ: ਕਾਤਿਯਾਯਨੀ**

ਸੱਤ ਭਰਾਵਾਂ ਦੇ ਵਿੱਚ
ਚੰਪਾ ਹੋਈ ਸਿਆਣੀ
ਬਾਂਸ ਦੀ ਟਾਹਣੀ-ਲਚਕੀਲੀ
ਬਾਪ ਦੀ ਛਾਤੀ ਤੇ ਲਿਟਦੀ
ਸੁਪਨੇ ਵਿੱਚ
ਕਾਲੀ ਛਾਂ ਵਾਂਗ ਡੋਲਦੀ
ਸੱਤ ਭਰਾਵਾਂ ਦੇ ਵਿੱਚ
ਚੰਪਾ ਹੋਈ ਸਿਆਣੀ ।

ਉਖਲੀ ਵਿੱਚ ਧਾਈਂ ਦੇ ਨਾਲ ਕੁੱਟੀ ਗਈ
ਤੂੜੀ ਨਾਲ ਕੂੜੇ ਵਾਂਗ ਸਿੱਟੀ ਗਈ
ਅਮਰਵੇਲ ਬਣ ਉੱਗੀ, ਮੱਲੇ ਝਾੜੀਆਂ ਦੇ ਕੰਡਿਆਂ ਵਿੱਚ
ਚੰਪਾ ਅਮਰਵੇਲ ਬਣ ਹੋ ਗਈ ਸਿਆਣੀ
ਫਿਰ ਤੋਂ ਘਰ ਆ ਧਮਕੀ ।

ਸੱਤ ਭਰਾਵਾਂ ਦੇ ਵਿੱਚ ਸਿਆਣੀ ਚੰਪਾ
ਇੱਕ ਦਿਨ ਘਰ ਦੀ ਛੱਤ ਤੇ ਲਟਕਦੀ ਮਿਲੀ
ਛੱਪੜ ਦੇ ਜਾਲਿਆਂ ਵਿਚਕਾਰ ਦੱਬੀ ਗਈ
ਉੱਥੇ ਇੱਕ ਨੀਲਕਮਲ ਉੱਗ ਆਇਆ
ਚੰਪਾ ਫਿਰ ਘਰ ਵਿੱਚ ਆ ਗਈ
ਦੇਵਤਾ ਤੇ ਚੜ੍ਹਾਈ ਗਈ
ਮੁਰਝਾਉਣ ਤੇ ਸੁੱਟ ਦਿੱਤੀ ਗਈ
ਅੱਗ ਵਿੱਚ ਬਾਲ਼ ਦਿੱਤੀ ਗਈ
ਸਵਾਹ ਬਣ ਖਿੰਡ ਗਈ ਸਾਰੇ ਪਿੰਡ ਵਿੱਚ ।

ਰਾਤ ਨੂੰ ਬਾਰਿਸ਼ ਹੋਈ ਝਮ-ਝਮਾ-ਝਮ
ਅਗਲੇ ਹੀ ਦਿਨ ਹਰ ਦਰਵਾਜ਼ੇ ਬਾਹਰ
ਨਾਗਫ਼ਨੀ ਦੇ ਵਿਰਾਨੇ ਘੇਰਿਆਂ ਦੇ ਵਿੱਚ
ਨਿਡਰ, ਨਿਸੰਗ ਚੰਪਾ
ਹਰ ਇੱਕ ਨੂੰ ਹੱਸਦੀ ਮਿਲੀ .....।

****

# ਬਿਮਲਾ ਦਾ ਸਫ਼ਰ

ਮੂਲ ਲੇਖਿਕਾ: ਸਵਿਤਾ ਸਿੰਘ

ਉਸ ਜਾਣਾ ਹੈ ਅੱਜ ਸ਼ਾਮ ਚਾਰ ਵਾਲੀ ਰੇਲਗੱਡੀ ਤੇ
ਜਾਣਾ ਹੈ ਪਤੀ ਦੇ ਘਰ ਤੋਂ ਬਾਪ ਦੇ ਘਰ
ਇੱਕ ਘਰ ਤੋਂ ਦੂਜੇ ਘਰ ਜਾਂਦੇ ਹਨ ਉਹੀ
ਜਿਨ੍ਹਾਂ ਦਾ ਨਹੀਂ ਹੁੰਦਾ ਆਪਣਾ ਕੋਈ ਘਰ
ਬਾਰਾਂ ਸਾਲ ਦੀ ਉਮਰ ਵਿੱਚ
ਬਿਮਲਾ ਵਿਆਹ ਦਿੱਤੀ ਗਈ
ਜਦੋ ਉਹ ਗਈ ਪਤੀ ਦੇ ਘਰ ਪਹਿਲੀ ਵਾਰ
ਉਸ ਘਰ ਨੂੰ ਉਸ ਨੇ ਬਣਾਇਆ ਆਪਣਾ,
ਲਿਪ-ਪੁਤ ਕੇ ਚਮਕਾਇਆ
ਪੀਹ-ਕੁਟ ਕੇ ਹਮੇਸ਼ਾ ਇੱਕਠਾ ਕੀਤਾ ਅਤੇ ਰੱਖਿਆ
ਸਾਲ ਭਰ ਦਾ ਅਨਾਜ
ਧੋਤੇ ਸਭਦੇ ਪੈਰ
ਸੀਤੇ ਸਭ ਦੇ ਉੱਧੜੇ-ਪਾਟੇ ਕੱਪੜੇ
ਕਹਿੰਦੇ ਹਨ ਪਤੀ ਦਾ ਘਰ ਹੀ ਹੁੰਦਾ ਹੈ ਪਤਨੀ ਦਾ ਘਰ ।

ਇਸ ਵਾਰ ਪਰ ।
ਬਿਮਲਾ ਦਾ ਜਾਣਾ ਹੈ ਦੁੱਖ ਦੇ ਐਸੇ ਸਫ਼ਰ ਤੇ
ਜਿਸਦੇ ਪਾਰ ਉਤਰ
ਜੀਵਨ ਖੁਦ ਆਪਣੇ ਪਾਰ ਉਤਰਦਾ ਹੈ
ਦੁੱਖ ਨਾਲ ਦੁੱਖ ਮਿਲ
ਕਿਸੇ ਉਜਾੜ ਵਿੱਚ ਜਾ ਭਟਕਦਾ ਹੈ
ਪਤੀ ਦੀ ਮੌਤ ਤੋਂ ਮਗਰੋ ਔਰਤ ਦਾ ਕਿਵੇਂ ਸੰਸਾਰ ਬਦਲਦਾ ਹੈ ।

ਸਵੇਰ ਤੋਂ ਹੀ ਠੀਕ ਕਰ ਰਹੀ ਹੈ
ਬਿਮਲਾ ਕੱਪੜੇ ਆਪਣੇ
ਸੰਭਾਲ ਰਹੀ, ਕਸੀਦਾਕਾਰੀ ਦੇ ਲੱਕੜੀ ਵਾਲੇ ਫ਼ਰੇਮ
ਰੇਸ਼ਮ ਦੇ ਅੱਧੇ-ਅਧੂਰੇ, ਉਲਝੇ-ਸੁਲਝੇ ਧਾਗੇ
ਉਹ ਕੱਪੜੇ ਜਿਨ੍ਹਾਂ ਤੇ ਕੱਢੇ ਸਨ
ਉਸ ਨੇ ਬਹੁਤ ਸਾਰੇ ਫੁੱਲ
ਫੁੱਲ ਜੋ ਹੁੰਦੇ ਹਨ ਅਮਰ
ਜਾਂ ਫਿਰ ਬਿਮਲਾ ਦੇ ਲਈ
ਚੁੱਪਚਾਪ ਉਸਦੇ ਗੁੰਮਸੁਮ ਸੰਸਾਰ ਵਿੱਚ ।

ਪਤੀ ਦੀ ਮੌਤ ਮਗਰੋਂ
ਅੱਜ ਸ਼ਾਮ ਚਾਰ ਵਜੇ
ਬਿਮਲਾ ਜਾ ਰਹੀ – ਆਪਣੇ ਪਿਤਾ ਦੇ ਸੰਗ
ਕੁਝ ਦਿਨਾਂ ਲਈ, ਮਨ ਪਰਚਾਉਣ ਲਈ
ਉਹ ਜਾ ਰਹੀ, ਰੇਲਗੱਡੀ ਤੋਂ ਇੱਕ ਅਜਿਹੇ ਸਫ਼ਰ ਤੇ
ਜਿਸ ਵਿੱਚ ਕਦੀ ਨਹੀਂ ਆਉਂਦਾ ਉਸਦਾ ਆਪਣਾ ਘਰ
ਮਨ ਹੀ ਮਨ ਇਸ ਲਈ ਉਹ ਮੰਗਦੀ ਹੈ
ਹੇ ਈਸ਼ਵਰ ! ਹੋਣ ਜੀਵਨ ਵਿੱਚ ਮੇਰੇ ਅਜਿਹੇ ਸਫ਼ਰ ਘੱਟ
ਹੋਵੇ ਮੇਰਾ ਇੱਕ ਹੀ ਜੀਵਨ
ਇੱਕ ਹੀ ਆਪਣਾ ਘਰ
ਜਿਵੇਂ ਮੇਰੀ ਇੱਕ ਹੀ ਆਤਮਾ .....।

****

## ਸੱਚ ਦੀ ਸੀਮਾ

ਪਹਿਲੀ ਸਵੇਰ ਜਾਗ ਪੈਂਦੀਆਂ ਮੇਰੇ ਸ਼ਹਿਰ ਦੀਆਂ ਔਰਤਾਂ
ਉਹ ਜਗੀਆਂ ਰਹਿੰਦੀਆਂ ਨੀਂਦ ਵਿੱਚ
ਨੀਂਦ ਵਿੱਚ ਹੀ ਉਹ ਕਰਦੀਆਂ – ਪਿਆਰ, ਨਫ਼ਰਤ, ਸੰਭੋਗ
ਲਗਾਤਾਰ ਰਹਿੰਦੀ ਹੈ ਬੰਨ੍ਹੀ ਹੋਈ ਨੀਂਦ ਵਿੱਚ ਉਨ੍ਹਾਂ ਦੇ, ਦਿਸਦੀ ਖੁਸ਼ੀ
ਬਦਨ ਵਿੱਚ ਰਹਿੰਦੀ ਹੈ ਉਨ੍ਹਾਂ ਦੇ ਚੁਸਤੀ
ਦਿਮਾਗ ਵਿੱਚ ਸੁਸਤੀ
ਉਨ੍ਹਾਂ ਔਰਤਾਂ ਦੇ ਹੱਥ ਮਜ਼ਦੂਰਾਂ ਵਾਂਗ ਕਰਦੇ ਕੰਮ
ਫਿਰ ਵੀ ਬਣੀਆਂ ਰਹਿੰਦੀਆਂ ਉਹ ਖਾਨਦਾਨੀ ਅਮੀਰਜ਼ਾਦੀਆਂ
ਨਾਸ਼ਤਾ ਬਣਾਉਂਦੀਆਂ ਉਹ ਸੁਵਖ਼ਤੇ
ਭੇਜਦੀਆਂ ਆਪਣੇ ਮਰਦਾਂ ਨੂੰ ਦਫ਼ਤਰ
ਬੱਚਿਆਂ ਨੂੰ ਸਕੂਲ
ਫਿਰ ਬੰਨ੍ਹੀਆਂ ਜਾਂਦੀਆਂ, ਜਿਵੇਂ ਪਾਲਤੂ ਹੋਣ
ਦੁਖੀ-ਸੁਖੀ ਆਪਣੇ ਘਰਾਂ ਵਿੱਚ
ਦੁਪਹਿਰ ਕਦੇ ਖਿੜੀ ਨਹੀਂ ਲੱਗਦੀ ਉਨ੍ਹਾਂ ਨੂੰ
ਮਨਹੂਸੀਅਤ ਭਾਵੇ ਘੇਰ ਲਵੇ ਪੂਰੇ ਦਿਨ ਨੂੰ
ਹਰ ਪਲ ਵਾਂਗ ਹੀ ਉਹਨਾਂ ਲਈ ਇੱਕ ਪਲ ਹੁੰਦਾ ਹੈ
ਗੁਜ਼ਰ ਜਾਣ ਵਾਲਾ

ਤ੍ਰਿਕਾਲਾਂ ਪੈਂਦੀਆਂ
ਸੜਕਾਂ ਤੇ ਬਲ ਉੱਠਦੀਆਂ ਬੱਤੀਆਂ
ਉਡੀਕ ਕਰਦੀਆਂ ਮੇਰੇ ਸ਼ਹਿਰ ਦੀਆਂ ਔਰਤਾਂ
ਖਿੜਕੀਆਂ ਵਿੱਚੋ ਬਾਹਰ ਤੱਕਦੀਆਂ
ਤੱਕਦੀਆਂ ਸ਼ਹਿਰ ਦੇ ਸ਼ੋਰ ਵਿੱਚ ਗੁਜ਼ਰਦਾ ਜਲੂਸ
ਜੋ ਤਿਉਹਾਰਾਂ ਦਾ ਚਾਅ ਪੈਦਾ ਕਰਦਾ ਹੈ
ਜਿਨ੍ਹਾਂ ਵਿੱਚ ਪਰਤ ਆਉਂਦੇ ਬੱਚੇ-ਮਰਦ
ਪਹਿਲੇ ਦਿਨਾਂ ਤੋਂ ਜ਼ਿਆਦਾ ਗੰਭੀਰ, ਜ਼ਿਆਦਾ ਸਿਆਣੇ

ਪਰਤ ਨਹੀਂ ਸਕਦੀਆਂ ਆਪਣੇ ਅੰਦਰ ਤੋਂ ਔਰਤਾਂ
ਉਨ੍ਹਾਂ ਦਾ ਅੰਦਰ ਬੁਝਿਆ ਰਹਿੰਦਾ – ਆਤਮਾ ਦੀ ਰੋਸ਼ਨੀ
ਹਨੇਰੇ ਰਹਿੰਦੇ ਲਗਾਤਾਰ ਉਨ੍ਹਾਂ ਤੇ ਸਵਾਰ
ਹਨ੍ਹੇਰੀ ਸੁਰੰਗ ਜਿਹਾ ਬਿਖਰਿਆ ਰਹਿੰਦਾ
ਉਨ੍ਹਾਂ ਵਿੱਚ ਸਾਡੀ ਸਭਿਅਤਾ ਦਾ ਡਰ
ਇਸੇ ਡਰ ਵਿੱਚ ਜਾਗਦੀ ਹੁੰਦੀ ਹੈ ਨੀਂਦ ਦੀ ਦੇਵੀ
ਜਿਸ ਵਿੱਚ ਤੈਰਦਾ ਹੈ ਪਰਛਾਵਾਂ ਮੌਤ ਦਾ
ਪਰਛਾਵਾਂ ਬਣ ਰਹਿੰਦੇ ਡੈਨਿਆਂ ਵਾਲੇ ਪੰਛੀ
ਉਨ੍ਹਾਂ ਦੇ ਮਨ ਦੇ ਅੰਬਰ ਵਿੱਚ,
ਉਨ੍ਹਾਂ ਦੇ ਇਕੱਲ ਦਾ ਜੰਗਲ
ਕਟਦਾ ਰਹਿੰਦਾ ਆਪਣਾ ਹੀ ਦਰਖੱਤ
ਰਾਤ–ਬਰਾਤੇ ਪੈਦਾ ਕਰਦਾ ਖੌਫਨਾਕ ਆਵਾਜ਼ਾਂ
ਡਰੀ ਰਹਿੰਦੀ ਬਿਸਤਰ ਵਿੱਚ ਆਪਣੇ ਹੀ ਮਰਦ ਸੰਗ
ਬਿਨਾਂ ਕਾਰਣ ਖ਼ਲਲ ਨਹੀਂ ਪਾਉਂਦੀ ਉਸਦੀ ਨੀਂਦ ਵਿੱਚ
ਰਹਿੰਦੀ ਹੈ ਸੇਵਾ ਵਿੱਚ ਛਤਰੀ ਬਣ ਪ੍ਰੇਮ ਨਾਲ ਭਰੀ
ਸਹਿਣ ਕਰਦੀ
ਚਾਹੀਦੀ 'ਉਨ੍ਹਾਂ ਨੂੰ' ਵੈਸੇ ਵੀ ਜ਼ਿਆਦਾ ਸ਼ਾਂਤੀ
ਬਹੁਤ ਘੱਟ ਟੋਕਾ–ਟੋਕੀ ਕਰਦੀ ਆਪਣੇ ਘਰ ਵਿੱਚ
ਫਿਰ ਵੀ
ਆਪਣੇ ਇੱਕਲੇਪਣ ਦੇ ਸ਼ਬਦ ਰਹਿਤ ਸੰਸਾਰ ਵਿੱਚ
ਇੱਕ ਮੁੜ ਕੇ ਆਉਦੀ ਆਵਾਜ਼ ਵਿੱਚ
ਮਨ ਦੇ ਕਿਸੇ ਬੈਚੇਨ ਕੋਨੇ ਤੋ,
ਉੱਠ ਰਹੀ ਜਲ ਦੀ ਤਰੰਗ ਜਿਹੀ
ਉਹ ਆਪਣਾ ਚਿਹਰਾ ਵੇਖਦੀ ਹੈ
ਇੱਕ ਦੂਜੇ ਹੀ ਚਿਹਰੇ ਵਿੱਚ
ਬਣਾਉਂਦੀ ਰਹੱਸਮਈ ਢੰਗ ਨਾਲ
ਇੱਕ ਦੂਜੇ ਨੂੰ ਆਪਣੇ 'ਸੱਚ ਦਾ ਸ਼ੀਸ਼ਾ' ।

# ਸ਼੍ਰਿਸ਼ਟੀ ਨੂੰ ਪੁਕਾਰਦੀ ਮਾਂ

**ਮੂਲ ਲੇਖਿਕਾ: ਰਸ਼ਮੀ ਬੜਵਾਲ**

ਹਵਾ
ਤੂੰ ਇੰਨ੍ਹੀ ਹੌਲੀ ਹੋ ਜਾਂ
ਕਿ ਸੌਖਿਆਂ ਹੀ ਉੱਡ ਸਕੇ
ਨਿੱਕੇ-ਨਿੱਕੇ ਹੱਥਾਂ ਵਿੱਚ ਪਤੰਗ
ਅੱਜ ਪਤੰਗ ਉਡਾਉਣ ਜਾ ਰਿਹਾ ਬੱਚਾ ਮੇਰਾ

ਪਾਣੀ ਤੂੰ ਇੰਨਾ ਕੁ ਮਿੱਠਾ ਹੋ ਜਾ
ਇਨ੍ਹਾਂ ਸ਼ਾਂਤ ਜ਼ਿੰਮੇਵਾਰ
ਕਿ ਤੈਰ ਕੇ ਪਾਰ ਕਰ ਲਵੇ ਤੈਨੂੰ
ਹੁਣੇ-ਹੁਣੇ ਸਿੱਖਣ ਜਾ ਰਿਹਾ ਜੋ
ਅੱਜ ਤਰਨ ਜਾ ਰਿਹਾ ਬੱਚਾ ਮੇਰਾ

ਅੱਗ ਤੂੰ ਨਿਡਰਤਾ ਦਾ ਦਾਨ ਦੇ
ਪਰਵਾਹ ਹੋਵੇਗੀ 'ਉਸਦੀ' ਤੈਨੂੰ, ਭਰੋਸਾ ਦੇ
ਹਿਫਾਜ਼ਤ ਕਰੇਂਗੀ ਵਾਅਦਾ ਕਰ
ਅੱਜ ਪਟਾਖੇ ਵਜਾਉਣ ਜਾ ਰਿਹਾ
ਪਹਿਲੀ ਵਾਰ ਬੱਚਾ ਮੇਰਾ

ਮਿੱਟੀ ਤੂੰ ਨਰਮ ਹੋ ਜਾ
ਪੱਥਰਾਂ ਨੂੰ ਪਾਸੇ ਕਰ
ਇੰਨੀ ਕੁ ਕੋਮਲ
ਜਿਵੇਂ ਕੋਈ ਫੁੱਲ
ਹੱਥ ਜੋੜਦੀ ਹਾਂ, ਵਿਨਤੀ ਕਰਦੀ ਹਾਂ
ਮੰਨ ਲੈ ਮੇਰੀ
ਉਡਾਵੀਂ ਨਾ ਧੂੜ
ਅੱਜ ਕਬੱਡੀ ਖੇਡਣ ਜਾ ਰਿਹਾ ਬੱਚਾ ਮੇਰਾ

ਅੰਬਰ ਤੂੰ ਵਰ ਦੇ
ਇਸਦਾ ਰੱਖਿਅਕ ਬਣ ਜਾਵੇਂਗਾ ਤੂੰ
ਬੇਫ਼ਿਕਰ ਹੋ ਜਾਵਾਂ ਮੈਂ
ਧਰਤੀ ਤੇ ਆਪਣੇ ਖੰਭ ਤੋਲਣ ਜਾ ਰਿਹਾ
ਬੱਚਾ ਮੇਰਾ .....।

****

## ਬਾਪ ਦੀ ਪੱਗ

ਮੂਲ ਲੇਖਿਕਾ: ਸ਼ਾਂਤੀ ਯਾਦਵ

ਬਾਪ ਦੀ ਪੱਗ
ਕੱਪੜੇ ਦੀ ਨਹੀਂ
ਧੀ ਦੇ ਜਿਸਮ ਦੀ ਬਣੀ ਹੁੰਦੀ ਹੈ
ਜਿੱਥੇ-ਜਿੱਥੇ ਧੀ ਜਾਂਦੀ
ਪੱਗ ਵੀ ਨਾਲ ਹੀ ਜਾਂਦੀ ਹੈ

ਪੱਗ ਦਾ ਵਾਸਤਾ ਸਿਰਫ਼
ਧੀ ਨਾਲ ਹੈ
ਪੁੱਤ ਦਾ ਇਸ ਨਾਲ ਕੋਈ ਸਰੋਕਾਰ ਨਹੀਂ
ਅੰਦਰ ਜਾਂ ਬਾਹਰ
ਪੁੱਤਰ ਭਾਵੇਂ
ਕਿੰਨਾ ਹੀ ਕਾਲਾ ਹੋ ਕੇ ਆਵੇ
ਪੱਗ ਦੇ ਸਫ਼ੇਦ ਰੰਗ ਨੂੰ
ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ

ਉਹ ਤਾਂ ਧੀ ਹੀ ਹੈ
ਕਿ ਤਿਨਕਾ ਹਿਲਿਆ ਨਹੀਂ
ਕਿ ਪੱਗ ਪਹਿਲਾਂ ਹੀ ਮੈਲੀ ਹੋ ਜਾਂਦੀ ਹੈ
ਤਾਂ ਹੀ ਹਰ ਬਾਪ ਆਖਦੈ
ਧੀਏ ਪੱਗ ਦੀ ਲਾਜ ਰੱਖੀ
ਹੋੜ ਨਾ ਲਾਵੀਂ
ਉਹ ਤਾਂ ਬੰਸ ਦਾ ਵਾਧਾ !
ਅਮਰਵੇਲ ਵਾਂਗ
ਇਸੇ ਵਿੱਚ ਸਾਡੀ ਸੋਭਾ
ਇਸ ਵਿੱਚ ਸਾਡੀ ਸ਼ਾਨ ਹੈ

ਪੱਗ ਕਦੇ ਨਹੀਂ ਫਟਦੀ
ਧੀਆਂ ਖਤਮ ਹੁੰਦੀਆਂ ਰਹਿੰਦੀਆਂ
ਕਿਉਂਕਿ ਪੱਗ ਦੀ ਸੁਰੱਖਿਆ ਨੂੰ
ਹਜ਼ਾਰਾਂ ਧੀਆਂ ਵੀ ਘੱਟ ਪੈਂਦੀਆਂ
ਇਹ ਬੰਸ-ਦਰ-ਬੰਸ ਚਲਦਾ ਹੀ ਰਹਿੰਦਾ ਹੈ
ਬੰਸ ਸੁੱਖ ਦੀ ਨੀਂਦਰ ਸੌਂਦਾ ਹੈ

ਪਹਿਰਾ ਦੇਣ ਵਾਲੀਆਂ
ਪੱਗ ਦੀ ਲਾਜ ਰੱਖਦੀਆਂ
ਫਿਰ ਵੀ ਉਹ ਬੇਗਾਨੀਆਂ ਅਖਵਾਉਂਦੀਆਂ
ਧੀਆਂ ਰੱਖਦੀਆਂ ਪੱਗ ਦੀ ਲਾਜ਼
ਪੁੱਤ ਪਾਉਂਦੇ ਪੱਗ ਦਾ ਤਾਜ਼
ਬਾਪ ਦੀ ਪੱਗ
ਕੱਪੜੇ ਦੀ ਨਹੀਂ
ਧੀ ਦੇ ਜਿਸਮ ਦੀ ਬਣੀ ਹੁੰਦੀ ਹੈ ।

****

## ਬੱਚੀ ਮੁਰਮੂ ਲਈ ਕਵਿਤਾ

ਮੂਲ ਲੇਖਿਕਾ: ਨਿਰਮਲਾ ਪੁਤੁਲ

ਉਠ ਕਿ ਆਪਣੇ ਹਨੇਰੇ ਖਿਲਾਫ਼ ਉੱਠ
ਆਪਣੇ ਪਿੱਛੇ ਚਲ ਰਹੀ
ਸਾਜ਼ਿਸ਼ ਖਿਲਾਫ਼ ਉੱਠ
ਉੱਠ ਜਿੱਥੇ ਤੂੰ ਬੈਠੀ ਹੈ
ਉਸ ਦੇ ਖਿਲਾਫ਼ ਉੱਠ
ਇਸੇ ਤਰ੍ਹਾਂ ਉੱਠ
ਜਿਵੇਂ ਰਾਖ ਤੋਂ ਉਠੱਦੀ ਕੋਈ ਚਿਣਗ
ਵੇਖ ! ਆਪਣੀ ਬਸਤੀ ਦੀ ਹੱਦ ਤੱਕ
ਕਿਵੇਂ ਡਿੱਗੇ ਪਏ ਨੇ ਬਿਰਖ
ਕੁਹਾੜੀ ਦੇ ਮੂਹਰੇ ਨਿਹੱਥੀਆਂ
ਰੋਜ਼ ਨੰਗੀਆਂ ਹੁੰਦੀਆਂ ਬਸਤੀਆਂ
ਇੱਕ ਰੋਜ਼ ਮੰਗਣਗੀਆਂ ਤੇਰੇ ਤੋਂ
ਤੇਰੀ ਚੁੱਪ ਦਾ ਜਵਾਬ
ਸੋਚ ਤੇਰੇ ਪਸੀਨੇ ਤੋ ਭਿੱਜੇ ਦਾਣੇ
ਇੱਕ ਦਿਨ ਤੈਨੂੰ ਹੀ ਵੇਖ ਹੱਸਦੇ –
ਤੇਰੀ ਹੀ ਬਸਤੀ ਦੀ ਦੁਕਾਨ ਤੇ ।
ਕਿੰਝ ਲੱਗਦਾ ਤੈਨੂੰ ਜਦ
ਤੇਰੀ ਹੀ ਚੀਜ਼ ਤੇਰੀ ਪਹੁੰਚ ਤੋ ਬਾਹਰ ਹੋ
ਵੇਖਦੀ ਤੇਰੇ ਵੱਲ.....।
ਉਹ ਚੁੱਪਚਾਪ ਤੁਰ ਆਉਦੇਂ ਹਨ
ਤੁਹਾਡੇ ਸਭਿਆਚਾਰ ਵਿੱਚ
ਤੁਹਾਡੇ ਨਾਚ ਦੀ ਵਡਿਆਈ ਕਰਦੇ ਹਨ
ਤੁਹਾਡੀਆਂ ਅੱਖਾਂ ਦੇ ਸੁਹਪਣ ਦੇ ਕਸੀਦੇ ਭਰਦੇ ਹਨ
ਉਹ ਕੌਣ ਹਨ ?
ਸੌਦਾਗਰ ਹਨ ਉਹ !

ਪਛਾਣ ਮੇਰੀ ਬੱਚੀ – ਮੁਰਮੂ ਪਛਾਣ
ਪਹਾੜਾਂ ਵਿੱਚ ਅੱਗ ਵੀ ਏਹੀ ਲਾਉਂਦੇ ਹਨ
ਉਨ੍ਹਾਂ ਦੀਆਂ ਦੁਕਾਨਾਂ ਤੇ ਹੀ
ਤੇਰੇ ਵਰਗੇ ਬੱਚਿਆਂ ਦਾ ਬਚਪਨ ਚੀਕਾਂ ਮਾਰਦਾ ਹੈ
ਉਨ੍ਹਾਂ ਦੀਆਂ ਹੀ ਗੱਡੀਆਂ ਵਿੱਚ
ਕੁੜੀਆਂ – ਸਬਜ਼ਬਾਗ ਵੇਖਣ
ਕਲਕੱਤਾ ਤੇ ਨੇਪਾਲ ਦੇ ਬਾਜ਼ਾਰਾ ਵਿੱਚ
ਉਤਰਦੀਆਂ ਹਨ ....
ਢੋਲ ਦੀਆਂ ਆਵਾਜ਼ਾ – ਕਿਉਂ
ਉੱਚੀਆਂ ਕਰ ਦਿੱਤੀਆਂ ਜਾਂਦੀਆਂ ਹਨ
ਜਾਣ ਮੇਰੀ ਬੱਚੀ ਜਾਣ ....।

****

## ਕੁਝ ਨਾ ਕਹਿ ਸਜੋਨੀ ਕਿਸਕੂ !

ਬਸ ! ਬਸ ! ਰਹਿਣ ਦੇ!
ਕੁਝ ਵੀ ਨਾ ਆਖ ਸਜੋਨੀ ਕਿਸਕੂ!!
ਮੈਂ ਜਾਣਦੀ ਹਾਂ ਸਭ –
ਜਾਣਦੀ ਹਾਂ ਕਿ ਪਿੰਡ ਵਿੱਚ ਹੀ
ਬਾਗਜ਼ੋਰੀ ਦੀ ਧਰਤੀ ਤੇ
ਜਦ ਤੂੰ ਚਲਾਇਆ ਸੀ ਹੱਲ
ਤਦ ਡੋਲ਼ ਗਿਆ ਸੀ
ਬਸਤੀ ਦੇ ਵਿਚਕਾਰ ਬੈਠੇ ਦੇਵਤਾ ਦਾ ਸਿੰਘਾਸਨ
ਡਿਗ ਪਈ ਸੀ – ਪੁਸ਼ਤੈਨੀ ਪ੍ਰਧਾਨ ਦੀ ਕੁਰਸੀ ਤੇ ਬੈਠੇ
ਬਦ-ਦਿਮਾਗ ਪ੍ਰਧਾਨ ਦੀ ਪੱਗ।
ਪਤਾ ਹੈ ਬਸਤੀ ਦੀ ਨੱਕ ਬਚਾਉਣ ਲਈ
ਜਦ ਜ਼ਾਲਮਾਂ ਹੱਲ ਵਿੱਚ ਜੋਤਿਆ ਸੀ ਤੈਨੂੰ
ਜ਼ਾਲਮਾਂ ਨੇ ਖੂੰਟੀ ਨਾਲ ਬੰਨ੍ਹ ਖਵਾਈ ਸੀ ਤੂੜੀ ਤੈਨੂੰ
ਬੱਸ ਕੁਝ ਵੀ ਨਾ ਆਖ
ਮੈਂ ਜਾਣਦੀ ਹਾਂ ਸਭ ਸਜੋਨੀ ਕਿਸਕੂ!

****

## ਕੀ ਤੁਸੀਂ ਜਾਣਦੇ ਹੋ ?

ਕੀ ਤੁਸੀਂ ਜਾਣਦੇ ਹੋ
ਮਰਦ ਤੋਂ ਵੱਖ
ਇੱਕ ਔਰਤ ਦਾ ਇੱਕਲਾਪਣ ?

ਘਰ ਪ੍ਰੇਮ ਅਤੇ ਜਾਤ ਤੋ ਅੱਡ
ਇੱਕ ਔਰਤ ਨੂੰ ਉਸਦੀ ਆਪਣੀ ਜ਼ਮੀਨ
ਦੇ ਬਾਰੇ ਵਿੱਚ ਦੱਸ ਸਕਦੇ ਹੋ ਤੁਸੀਂ ?

ਦੱਸ ਸਕਦੇ ਹੋ ਤੁਸੀਂ
ਸਦੀਆਂ ਤੋਂ ਆਪਣੇ ਘਰ ਦੀ ਭਾਲ਼ ਕਰਦੀ
ਇੱਕ ਬੈਚੇਨ ਔਰਤ ਨੂੰ ਉਸਦੇ ਘਰ ਦਾ ਪਤਾ ?

ਕੀ ਤੁਸੀਂ ਜਾਣਦੇ ਹੋ
ਆਪਣੇ ਇੱਕ ਖਿਆਲ ਵਿੱਚ
ਕਿੰਝ ਇੱਕੋ ਹੀ ਸਮੇਂ
ਉਹ ਖੁਦ ਨੂੰ ਉਜਾੜਦੀ ਹੈ
ਵਸਾਉਦੀ ਹੈ ਕਿੰਝ ਇੱਕ ਔਰਤ ?

ਸੁਪਨਿਆਂ ਵਿੱਚ ਦੌੜਦੀ
ਇੱਕ ਔਰਤ ਦਾ ਪਿੱਛਾ ਕਰਦਿਆਂ
ਕੀ ਤੁਸਾਂ ਤੱਕਿਆ ਹੈ
ਉਸਨੂੰ ਰਿਸ਼ਤਿਆਂ ਦੇ ਕੁਰੂਕਸ਼ੇਤਰ ਵਿੱਚ ਲੜਦਿਆਂ ?

ਸਰੀਰ ਦੇ ਭੂਗੋਲ ਤੋਂ ਪਰੇ
ਇੱਕ ਔਰਤ ਦੇ ਮਨ ਦੀਆਂ ਗੰਢਾਂ ਨੂੰ
ਖੋਲ੍ਹ ਕੇ ਕਦੇ ਪੜ੍ਹਿਆ ਹੈ ਤੁਸਾਂ ?
ਉਸਦੇ ਧੁਰ ਅੰਦਰ
ਜੋ ਇਤਿਹਾਸ ਖੇਡ ਕਰਦਾ ਹੈ
ਤੱਕਿਆ ਹੈ ਤੁਸਾਂ
ਉਸਦੀ ਚੁੱਪ ਦੀ ਦਹਿਲੀਜ਼ ਤੇ ਬੈਠ
ਸ਼ਬਦਾਂ ਦੀ ਉਡੀਕ ਕਰ ਰਹੇ ਉਸ ਚਿਹਰੇ ਨੂੰ
ਉਸਦੇ ਅੰਦਰ
ਆਪਣੇ ਵੰਸ਼ ਦੇ ਬੀਜ ਬੀਜਦਿਆਂ
ਕਦੇ ਮਹਿਸੂਸ ਕੀਤਾ ਹੈ ਤੁਸਾਂ
ਉਸਦੇ ਅੰਦਰਲੀਆਂ ਜੜ੍ਹਾਂ ਦਾ ਪਸਾਰਾ ?

ਕੀ ਤੁਸੀਂ ਜਾਣਦੇ ਹੋ
ਇੱਕ ਔਰਤ ਦੇ ਸੰਪੂਰਨ ਰਿਸ਼ਤੇ ਦੀ ਵਿਆਕਰਣ ?

ਦੱਸ ਸਕਦੇ ਹੋ ਤੁਸੀਂ
ਇੱਕ ਔਰਤ ਨੂੰ ਔਰਤ ਦੀ ਅੱਖ ਤੋਂ ਵੇਖਦਿਆਂ
ਉਸਦੇ ਔਰਤ ਹੋਣ ਦੀ ਪਰਿਭਾਸ਼ਾ ?

ਜੇ ਨਹੀਂ !
ਤਾਂ ਕੀ ਜਾਣਦੇ ਹੋ ਤੁਸੀਂ
ਰਸੋਈ ਤੇ ਬਿਸਤਰ ਦੇ ਹਿਸਾਬ ਤੋ ਅਲੱਗ
ਇੱਕ ਔਰਤ ਬਾਰੇ ?

****

## ਚੰਗੇ ਦਿਨਾਂ ਨੂੰ ਯਾਦ ਕਰਦਿਆਂ

**ਮੂਲ ਲੇਖਿਕਾ: ਸ਼ੁਸ਼ਮਾ ਸਿਨਹਾ**

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਮੈਨੂੰ ਆਪਣਾ ਬਚਪਨ ਯਾਦ ਆਇਆ
ਬੇਫਿਕਰ ਹੋ ਖੇਡਦੇ ਕੁੱਦਦੇ
ਖੜਮਸਤੀ ਕਰਦੇ
ਭੈਣ-ਭਰਾਵਾਂ ਦੀ ਯਾਦ ਸੰਗ
ਯਾਦ ਆਈ ਆਪਣੀ ਤੰਗੀ
ਤੇ ਅੱਖਾਂ ਵਿੱਚ ਹੰਝੂ ਆ ਗਏ

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਮੈਨੂੰ ਆਪਣੇ ਸਕੂਲ ਦੇ ਦਿਨ ਯਾਦ ਆਏ
ਹਰ ਰੋਜ਼ ਪਹਿਲੀ ਸਵੇਰ
ਸਰਦੀ, ਗਰਮੀ, ਬਰਸਾਤ ਝੱਲਦਿਆਂ
ਦੋਸਤਾਂ ਦੇ ਸੰਗ-ਸੰਗ
ਯਾਦ ਆਇਆ ਆਪਣਾ ਪੁਰਾਣਾ ਘਰ
ਤੇ ਅੱਖਾਂ ਵਿੱਚ ਹੰਝੂ ਆ ਗਏ

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਮੈਨੂੰ ਆਪਣੇ ਕਾਲਜ਼ ਦੇ ਦਿਨ ਯਾਦ ਆ ਗਏ
ਯਾਦ ਆਇਆ ਆਪਣਾ ਪਹਿਲਾ ਪਿਆਰ
ਤਲੀ ਤੇ ਮਹਿੰਦੀ ਨਾਲ ਲਿਖਿਆ
ਮਹਿਬੂਬ ਦੇ ਨਾਮ ਦਾ ਪਹਿਲਾ ਅੱਖਰ
ਨਾਲ ਹੀ ਯਾਦ ਆਈ
ਉਸਨੂੰ ਮਿਲਣ ਦੀ ਖੁਸ਼ੀ
ਫਿਰ
ਵਿਛੜਣ ਦਾ ਦਰਦ
ਤੇ ਅੱਖਾਂ ਵਿੱਚ ਹੰਝੂ ਆ ਗਏ

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਆਪਣੇ ਵਿਆਹ ਦਾ ਦਿਨ ਯਾਦ ਆਇਆ
ਗਾਜੇ-ਵਾਜੇ ਧੂਮ ਧੜਾਕੇ ਦੀ ਰਾਤ
ਨਵੀਂ ਜ਼ਿੰਦਗੀ ਦੀ ਸ਼ੁਰੂਆਤ
ਨਾਲ ਹੀ ਵਿਦਾ ਹੋਣ ਦਾ ਸਮਾਂ

ਵਿਹੜੇ ਵਿੱਚ ਛੱਟ ਸੁਟਵਾਉਂਦੀ
ਮਾਂ ਦਾ ਧਾਈਂ-ਧਾਈਂ ਰੋਣਾ ਯਾਦ ਆਇਆ
ਤੇ ਅੱਖਾਂ ਵਿੱਚ ਹੰਝੂ ਆ ਗਏ

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਬੇਟੀ ਦਾ ਜਨਮ ਦਿਨ ਯਾਦ ਆਇਆ
ਬਟਨ ਵਾਂਗ ਖੁੱਲਦੀਆਂ ਅੱਖਾਂ
ਉਬਾਸੀ ਲੈਂਦਾ ਨਿੱਕਾ ਜਿਹਾ ਮੁੱਖੜਾ
ਮੇਰਾ ਆਪਣਾ ਹੀ ਪਰਛਾਵਾਂ
ਆਪਣੀ ਹੋਂਦ ਦੇ ਨਾਲ-ਨਾਲ
ਇਹ ਸੋਚ ਵੀ ਆਈ -ਕਿ ਛੱਡ ਜਾਵੇਗੀ
ਜਦ ਜਾਵੇਗੀ - ਆਪਣੇ ਪ੍ਰੀਤਮ ਦੇ ਘਰ
ਤੇ ਅੱਖਾਂ ਵਿੱਚ ਹੰਝੂ ਆ ਗਏ

ਚੰਗੇ ਦਿਨਾਂ ਨੂੰ ਯਾਦ ਕਰਦਿਆਂ
ਮੈਂ ਉਨ੍ਹਾਂ ਸਾਰੇ ਦੁੱਖਾਂ ਨੂੰ ਮਹਿਸੂਸ ਕੀਤਾ
ਧੰਨਵਾਦ ਦਿੱਤਾ
ਕਿ ਇਨ੍ਹਾਂ ਦੇ ਸੰਗ-ਸੰਗ ਹੀ
ਮੈਨੂੰ ਜ਼ਿੰਦਗੀ ਦੇ ਸਾਰੇ ਚੰਗੇ ਦਿਨ ਯਾਦ ਆ ਗਏ

****

## ਘਰ ਮੁੜ ਆਉਣ ਦਾ ਸੁਖ

ਮੈਂ ਤਾਂ ਚਾਹਿਆ ਸੀ
ਜਾਣਾ ਆਪਣੇ ਘਰ ਤੋਂ ਦੂਰ
ਤਾਂ ਜੋ ਘਰ ਮੁੜ ਆਉਣ ਦਾ ਸੁੱਖ ਬਚਿਆ ਰਹੇ

ਅੱਜ ਬਹੁਤ ਦਿਨਾਂ ਮਗਰੋਂ
ਮੁੜੀ ਹਾਂ ਆਪਣੇ ਘਰ
ਇੱਕ ਤ੍ਰਿਪਤੀ ਦੇ ਨਾਲ

ਦਰਵਾਜ਼ਾ ਹੱਸ ਕੇ ਮਿਲਿਆ
ਬਾਰੀਆਂ ਨੇ ਖੁੱਲਦਿਆਂ-ਖੁੱਲਦਿਆਂ ਪੁੱਛ ਹੀ ਲਿਆ
ਉਸ ਦੁਨੀਆਂ ਦੇ ਬਾਰੇ ਵਿੱਚ
ਜੋ ਖਿੜਕੀ ਵਿੱਚੋ ਦਿਸਦੀ ਨਹੀਂ

ਰੋਸ਼ਨਦਾਨ ਨੇ ਹੁੰਮ-ਹੁੰਮਾਂ ਕੇ ਕਿਹਾ
ਅਸੀਂ ਬਚਾ ਕੇ ਰੱਖੀਆਂ ਹਨ
ਤੇਰੇ ਲਈ ਉਮੀਦ ਦੀਆਂ ਕੁਝ ਕਿਰਨਾਂ

'ਚੁੱਪ' ਨੇ ਹੱਸ ਕੇ ਮੇਰੇ ਵੱਲ ਤੱਕਿਆ
ਮੇਰੇ ਗਲ਼ ਲੱਗ ਰੋਈ ਬਹੁਤ
ਬੜੇ ਦਿਨਾਂ ਮਗਰੋ
ਘਰ ਦੇ ਕਮਰੇ, ਕੰਧਾਂ, ਛੱਤ, ਬਾਲਕਨੀ
ਚੁੱਪਚਾਪ ਨੀਝ ਲਾ ਕੇ ਮੈਨੂੰ ਤੱਕ ਰਹੇ
ਮੈਂ ਉਨ੍ਹਾਂ ਨੂੰ ਛੂਹਿਆ
ਡੁਸਕਣ ਦੀ ਆਵਾਜ਼ ਤੇਜ਼ ਹੋ ਗਈ

ਵੇਖਿਆ
ਜਖ਼ਮ ਹਾਲੇ ਵੀ ਅੱਲੇ
ਪੀੜ ਹਾਲੇ ਵੀ ਹਰ ਥਾਂ ਖਿੰਡੀ ਪਈ
ਹਿੰਮਤ ਕਰ ਇੱਕਠਾ ਕਰਨ ਲੱਗੀ ਹਾਂ
ਕਿ ਹਰਕਤ ਹੋਈ ਘਰ ਵਿੱਚ
ਘਰ ਜੋ ਖ਼ਤਮ ਹੋ ਰਿਹਾ ਸੀ
ਮੈਂ ਬਚਾਉਣਾ ਚਾਹਿਆ ਬਹੁਤ ਦਿਨਾਂ ਮਗਰੋਂ

****

# ਅੰਤ

ਇਸ ਖ਼ਤਮ ਹੋਣ ਵਾਲੇ ਸੰਸਾਰ ਵਿੱਚ
ਹੁਣੇ-ਹੁਣੇ ਇੱਕ ਨਵਜੰਮੇ ਬਾਲ ਦੀਆਂ
ਚੀਕਾਂ ਸੁਣਾਈ ਦਿੱਤੀਆਂ ਹਨ
ਕਿ ਗੁਜ਼ਰ ਰਿਹਾ ਪਲ-ਪਲ
ਮਿੰਟ-ਘੰਟਾ
ਖ਼ਤਮ ਹੋਣ ਲੱਗਾ ਹੈ ਸਮਾਂ
ਜਿਸਨੂੰ ਬੰਨ੍ਹ ਰੱਖਿਆ ਸੀ
ਆਪਣੀ ਮੁੱਠੀ ਵਿੱਚ

ਬੀਅ ਪੁੰਗਰ ਆਏ ਹਨ ਹੁਣੇ-ਹੁਣੇ
ਨਿੱਕੇ-ਨਿੱਕੇ ਬੂਟੇ ਬਣ ਸਕਦੇ ਹਨ
ਸਮਾਂ ਪੈਣ ਤੇ ਬਿਰਖ
ਜਿਨਾਂ ਤੇ ਆ ਸਕਦੀਆਂ ਕਲੀਆਂ
ਖਿੜ ਸਕਦੇ ਹਨ
ਰੰਗ ਬਿਰੰਗੇ ਫੁੱਲ-ਫੱਲ
ਹੁਣੇ ਤੋਂ ਨਿਸ਼ਚਿਤ ਹੈ
ਉਨ੍ਹਾਂ ਦੇ ਮੁਰਝਾਉਣ, ਮਿਟ ਜਾਣ ਦਾ ਸਮਾਂ
ਵਜ੍ਹਾਂ ਚਾਹੇ ਜੋ ਵੀ ਹੋਵੇ
ਸਮਾਂ ਨਿਸ਼ਚਿਤ ਹੈ ਖਤਮ ਹੋ ਜਾਣ ਦਾ
ਚੌਰਾਹੇ ਤੇ ਇੱਕ ਕੁੱਤੀ ਨੇ
ਦਿੱਤਾ ਹੈ ਜਨਮ ਪੰਜ-ਪੰਜ ਬੱਚਿਆਂ ਨੂੰ
ਜਿਨ੍ਹਾਂ ਜੰਮਣ ਦੇ ਨਾਲ ਹੀ ਸਿੱਖ ਲਿਆ ਹੈ ਤੁਰਨਾ
ਸਮਾਂ ਘੱਟ ਹੈ ਉਨ੍ਹਾਂ ਪਾਸ ਵੀ

ਲਗਾਤਾਰ ਇਸ ਰਸਤੇ ਵਿੱਚ ਸਭ ਕੁਝ
ਆਉਣ ਦੇ ਨਾਲ ਤੁਰ ਪੈਂਦੇ ਹਨ
ਜਾਣ ਵਾਲੇ ਰਸਤਿਆਂ ਤੇ
ਲੇਕਿਨ
ਸਾਡੇ ਅੰਤ ਤੱਕ ਬਚਿਆ ਰਹਿੰਦਾ ਹੈ "ਸਮਾਂ" ।

****